ਬਾਲਗ਼ ਸਾਹਿਤ ਸੀਰਿਜ਼

# ਨਾਰੀ ਚੇਤਨਾ

ਡਾ. ਅਮਰਜੀਤ ਕੌਰ



ਭਾਸ਼ਾ ਵਿਭਾਗ, ਪੰਜਾਬ

# ਨਾਰੀ ਚੇਤਨਾ

ਡਾ. ਅਮਰਜੀਤ ਕੌਰ

**ਭਾਸ਼ਾ ਵਿਭਾਗ, ਪੰਜਾਬ**

# NARI CHETANA (In Punjabi)

Dr. Amarjeet Kaur

# ਨਾਰੀ ਚੇਤਨਾ

ਡਾ. ਅਮਰਜੀਤ ਕੌਰ

**ਸੰਪਾਦਨ:** ਗੁਰਸ਼ਰਨ ਕੌਰ ਵਾਲੀਆ, ਸਹਾਇਕ ਡਾਇਰੈਕਟਰ

ਪ੍ਰੀਤਮ ਕੌਰ, ਖੋਜ ਅਫ਼ਸਰ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਵਾਰ : 2000

ਕਾਪੀਆਂ : 1,000

ਮੁੱਲ : 20/- ਰੁਪਏ

9919-ਬਾ.ਗਿ.ਸਾ-1380

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਮਨੂਜਾ ਆਫਸੈਟ ਵਰਕਸ, ਐਨ. ਡੀ. 80, ਬਿਕਰਮਪੁਰਾ, ਜਲੰਧਰ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

# ਤਤਕਰਾ

## ਭੂਮਿਕਾ


| ਲੜੀ ਨੰ: ਕੀ | ਕਿੱਥੇ |
|---|---|
| **ਭਾਗ ਪਹਿਲਾ** | |
| **ਗ਼ਜ਼ਲਾਂ** | |
| 1. ਗਜ਼ਲਾਂ (42) | 1-44 |
| ਸ਼ਿਅਰ (2) | 15-16 |
| **ਭਾਗ ਦੂਜਾ** | |
| **ਨਜ਼ਮਾਂ** | |
| 1. ਸੰਸਕਾਰ ਤੇ ਚੇਤਨਾ ਦਾ ਯੁੱਧ | 46 |
| 2. ਮਾਏ ਨੀ! ਮੈਨੂੰ ਨੀਂਦ ਨਾ ਆਵੇ | 47 |
| 3. ਔਰਤ ਦਾ ਸਦੀਵੀ ਸੰਤਾਪ | 48 |
| 4. ਭੁੱਖੀ ਨੀਤ | 50 |
| 5. ਚੌਰਸਤੇ | 52 |
| 6. ਜ਼ਿੰਦਗੀ-ਦਰ-ਜ਼ਿੰਦਗੀ | 54 |
| 7. ਚੋਟ, ਚੋਟ ਦਾ ਫ਼ਰਕ | 55 |
| 8. ਸੋਗ ਦੇ ਵਸਤਰ | 57 |
| 9. ਸ਼ੁਭ-ਆਰੰਭ | 60 |

10. ਸੁਪਨਾ ਅਪਣੇ ਸ਼ਹਿਰ ਦਾ 61

11. ਪ੍ਰਤੀਕ੍ਰਿਆ : ਇਕ ਸਥਿਤੀ 62

12. ਪ੍ਰਕ੍ਰਿਤੀ ਅਤੇ ਮਨੁੱਖ 64

13. ਪੂਰਕ ਹੋਂਦ 66

14.ਸਵੈ-ਵਿਰੋਧ 67

15. ਆਪਣੀ ਆਪਣੀ ਛਾਂ ਵਿਚ ਬੈਠੀ ਜ਼ਿੰਦਗੀ 68

16. ਸੀਮਾ ਦੇ ਸੰਗਲ 70

17. ਸੰਤਾਪ ਹੀ ਸੰਤਾਪ 71

18. ਪ੍ਰਸ਼ਨ ਚਿੰਨ੍ਹ 72

19. ਸੀਮਾ ਤੇ ਸਮਰੱਥਾ 73

# ਭੂਮਿਕਾ

## ਅੰਤਰ-ਵਿਰੋਧਾਂ ਦਾ ਸੰਤਾਪ ਭੋਗਦੀ ਔਰਤ

ਅਜੋਕੀ ਨਾਰੀ
ਚੇਤਨਾ ਦੀ ਸੀਮਾ ਅੰਦਰ ਦਾਖ਼ਲ ਹੋ ਕੇ ਵੀ
ਅਚੇਤ ਹੀ ਭੋਗੀ ਜਾ ਰਹੀ ਹੈ
ਇਹ ਮਾਨਸਿਕਤਾ!
ਅਪਣਾ ਕੱਦ-ਕਾਠ ਭੁੱਲ ਕੇ ਵੀ
ਸੀਮਾ ਦੇ ਸੰਗਲ ਪੈਰਾਂ ਵਿਚ ਬੰਨ੍ਹੀ ਫ਼ਿਰਦੀ ਹੈ!

ਮੈਂ, ਭਾਰਤੀ ਨਾਰੀ ਨੂੰ ਜਦੋਂ ਸਮਰੱਥਾ ਅਤੇ ਸੀਮਾ ਦੇ ਪ੍ਰਸੰਗ ਵਿਚ ਵਾਚਦੀ ਹਾਂ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਅਨੰਤ ਸੰਭਾਵਨਾਵਾਂ ਦੇ ਬਾਵਜੂਦ, ਉਹ ਸੰਸਕਾਰੀ ਸੀਮਾਵਾਂ ਅੰਦਰ ਜਕੜੀ ਹੋਈ ਹੈ।

'ਸੀਮਾ ਤਾਂ ਸਮਰੱਥਾ ਦੀ ਵੱਡੀ ਭੈਣ ਹੈ। ਜਿਸ ਕਾਰਨ ਉਹ ਆਪਣੀ ਹੋਂਦ ਤੋਂ ਬੇ-ਖ਼ਬਰ, ਮੱਧ-ਜੁਗੀ ਨਾਰੀ ਦੀ ਮਰਿਆਦਾ ਤੋਂ ਉਪਜੇ ਭੈਅ ਦੀ ਭਾਵਨਾ ਤੋਂ ਕੰਬ ਕੇ ਸੰਤਾਪ ਭੋਗਦੀ ਰਹਿੰਦੀ ਹੈ।

ਕਦੇ-ਕਦੇ ਇੰਜ ਲੱਗਦਾ ਹੈ ਕਿ ਸੰਸਕਾਰਾਂ ਵਿਚ ਮਿਲੇ ਵਿਚਾਰ, ਔਰਤ ਦੀ ਚੇਤਨਾ ਦੇ ਵਿਕਾਸ ਵਿਚ ਰੁਕਾਵਟ ਪੈਦਾ ਕਰ ਰਹੇ ਹਨ। ਔਰਤ ਦੁਆਰਾ ਔਰਤ ਨੂੰ ਹੀ ਮਾਰੇ ਜਾਂਦੇ ਤਾਅਨਿਆਂ ਪਿੱਛੇ ਵੀ ਇਹ ਬਿਰਤੀ ਕਾਰਜਸ਼ੀਲ ਹੈ। ਔਰਤ ਦੇ ਸਿਹਤਮੰਦ ਅਤੇ ਉਸਾਰੂ ਜ਼ਰੀਏ ਉੱਤੇ, ਔਰਤਾਂ ਹੀ ਸਭ ਤੋਂ ਵੱਧ 'ਹਾਏ ਤੌਬਾ' ਕਰਦੀਆਂ ਹਨ। ਅਜੋਕੀ ਔਰਤ ਕੇਵਲ ਤਾਪ ਭੋਗਦੀ ਹੀ ਨਹੀਂ, ਸਗੋਂ ਉਹ ਆਪ ਵੀ ਔਰਤ ਲਈ ਸੰਤਾਪ ਸਿਰਜਦੀ ਰਹਿੰਦੀ ਹੈ । ਧੀ, ਭੈਣ, ਸੱਸ, ਨੂੰਹ, ਮਾਂ, ਭਰਜਾਈ ਦੇ ਕਿਰਦਾਰ ਅੰਦਰ ਪੈਦਾ ਹੋ ਚੁੱਕੇ ਅੰਤਰ-ਵਿਰੋਧਾਂ ਤੋਂ ਮੁਕਤ ਹੋਣਾ ਪਹਿਲੀ ਲੋੜ ਬਣ ਚੁੱਕੀ ਹੈ। ਜੇ 'ਧੀ' ਹੈ ਤਾਂ 'ਵਿਚਾਰੀ' ਹੈ। ਜੇ ਨੂੰਹ ਹੈ ਤਾਂ 'ਕੁਪੱਤੀ' ਹੈ। ਜੇ ਪੁੱਤਰ ਹੈ ਤਾਂ ਨਾਲ ਰਹੇ, ਜਵਾਈ ਹੈ ਤਾਂ ਵੱਖ ਹੋ ਜਾਵੇ । ਜੇ ਧੀ ਦੇ ਘਰ 'ਧੀ' ਜੰਮੀ ਤਾਂ ਕੰਜਕ , ਲੱਛਮੀ ਹੈ ਪਰ ਨੂੰਹ ਦੇ ਘਰ 'ਧੀ' ਜੰਮੀ ਤਾਂ ਫੂਹੜੀ ਪੈ ਗਈ। ਜੇ ਪੁੱਤਰ

ਜੰਮੇ ਤਾਂ ਵਧਾਈਆਂ ਦੇ ਟੋਕਰੇ, ਜੇ ਧੀ ਜੰਮੀ ਤਾਂ ਸੋਗ ਪੈ ਗਿਆ। ਜੇ 'ਧੀ' ਦਾ ਵਿਆਹ ਕਰਨਾ ਹੈ ਤਾਂ 'ਗਰੀਬ' ਹਾਂ, । ਪੁੱਤਰ ਵਿਆਹੁਣਾ ਹੈ ਤਾਂ ਦੂਜੇ ਦੇ ਘਰ ਦੇ ਜੰਦਰੇ ਵੀ ਤੋੜ ਲਿਆਉਣ ਦੀ ਲਾਲਸਾ ਹੈ । ਬਸ, ਇਸ ਦੂਹਰੀ ਮਾਨਸਿਕਤਾ ਅੰਦਰ ਹੀ ਔਰਤ ਆਪਣਾ ਜਨਮ ਲੇਖੇ ਲਾ ਜਾਂਦੀ ਹੈ। ਜਨਮ ਲੈਂਦਿਆਂ ਹੀ ਔਰਤ ਅੰਦਰ 'ਹੀਨਤਾ' ਦਾ ਅਹਿਸਾਸ ਪੈਦਾ ਕਰ ਦਿਤਾ ਜਾਂਦਾ ਹੈ।

ਹੁਣ ਸੋਚਣਾ ਇਹ ਹੈ ਕਿ ਉਦੋਂ ਔਰਤ ਦੀ 'ਮਮਤਾ' ਵਲੂੰਧਰ ਕੇ ਨਹੀਂ ਰਹਿ ਜਾਂਦੀ ਹੋਵੇਗੀ ਜਦੋਂ ਉਹ ਅਜਿਹੇ ਅੰਤਰ-ਵਿਰੋਧੀ ਰਿਸ਼ਤਿਆਂ ਵਿਚ ਖੰਡਿਤ ਹੋ ਕੇ ਆਚਰਣ ਕਰਦੀ ਹੈ ?

ਪਰ ਸੰਤੋਖ ਦੀ ਗੱਲ ਇਹ ਵੀ ਹੈ ਕਿ ਚੇਤਨਾ ਦੇ ਫੈਲਣ ਨਾਲ ਔਰਤ, ਆਪਣੇ ਉਪਰੋਕਤ ਕਿਰਦਾਰ ਵਿਚ ਤਬਦੀਲੀ ਲਿਆ ਰਹੀ ਹੈ। ਸਮਦ੍ਰਿਸ਼ਟੀ ਹੀ ਅਸਲ ਚੇਤਨਾ ਹੈ ।ਅਜੋਕੀ ਔਰਤ ਇਸ ਪੱਖੋਂ ਸੁਚੇਤ ਹੋ ਰਹੀ ਹੈ। ਉਸ ਅੰਦਰ ਜਦੋਂ 'ਅੱਖਰ ਗਿਆਨ' ਰਾਹੀਂ ਪ੍ਰਾਪਤ ਚੇਤਨਾ ਦਾ ਚਾਨਣ ਫੈਲਦਾ ਜਾ ਰਿਹਾ ਹੈ ਤਾਂ ਉਹ ਸੁਚੇਤ ਹੋ ਕੇ ਆਪਣੇ ਕਦੀਮੀ ਵਰਤਾਰੇ ਅੰਦਰ ਤਬਦੀਲੀ ਲਿਆਉਣ ਵਿਚ ਸਫ਼ਲ ਹੁੰਦੀ ਚਲੀ ਜਾ ਰਹੀ ਹੈ।

ਮੈਂ ਨਾਰੀ ਚੇਤਨਾ ਨਾਲ ਜੁੜੇ ਚਿੰਤਨ ਨੂੰ ਕਵਿਤਾ ਦੇ ਮਾਧਿਅਮ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ। ਔਰਤ ਦੀ ਸੰਵੇਦਨਸ਼ੀਲਤਾ ਅੰਦਰ ਘਰੋਗੀ ਪ੍ਰਤੀਕਾਂ ਅਤੇ ਬਿੰਬਾਂ ਦਾ ਜਜ਼ਬ ਹੋ ਜਾਣਾ ਸਹਿਜ-ਸੁਭਾਵਿਕ ਹੈ। ਅਜਿਹੀ ਸੋਚ ਦੇ ਕਾਵਿਕ ਪ੍ਰਗਟਾਵੇ ਵਿਚ ਘਰੇਲੂ ਜੀਵਨ ਆਚਾਰ-ਵਿਹਾਰ, ਜੀਵਨ-ਸ਼ੈਲੀ ਦੇ ਅੰਦਾਜ਼ ਉਭਰਦੇ ਨਜ਼ਰੀਂ ਆ ਜਾਂਦੇ ਹਨ।

ਔਰਤ ਦਾ ਮੁੱਖ ਕਾਰਜ-ਖੇਤਰ 'ਘਰ' ਹੈ। ਜੀਵਨ ਦੀਆਂ ਉਲਝਣਾਂ ਵਿਚ ਘਿਰੀ ਔਰਤ ਹਰ ਸਮੇਂ ਉਨ੍ਹਾਂ ਤੋਂ ਮੁਕਤ ਹੁੰਦੇ ਰਹਿਣ ਲਈ ਕੋਸ਼ਿਸ਼ ਕਰਦੀ ਰਹਿੰਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਘਰਾਂ ਅੰਦਰ ਲਗਾਤਾਰ 'ਜਾਲੇ' ਲੱਗਦੇ ਰਹਿੰਦੇ ਹਨ ਅਤੇ ਘਰ ਦੀ ਔਰਤ ਉਨ੍ਹਾਂ ਨੂੰ ਸਮੇ-ਸਮੇਂ ਲਾਹੁੰਦੀ ਰਹਿੰਦੀ ਹੈ :

ਪਤਾ ਨਹੀਂ; ਕਿਉਂ ਲੱਗ ਜਾਂਦੇ ਨੇ
ਘਰ ਅੰਦਰ ਇਹ ਜਾਲੇ ?

ਲਾਹ-ਲਾਹ ਕੇ ਮੈਂ ਥੱਕੀ-ਹਾਰੀ,
ਹੱਥੀਂ ਪੈ ਗਏ ਛਾਲੇ ।

ਔਰਤ ਦੇ ਜੀਵਨ ਅੰਦਰ ਆਉਣ ਵਾਲੇ ਝੱਖੜਾਂ ਨੂੰ ਬਿਆਨ ਕਰਦਿਆਂ, ਮੈਂ ਉੱਤੇ ਉਹ ਪ੍ਰਤੀਕ ਅਤੇ ਬਿੰਬ ਵਰਤੇ ਹਨ ਜਿਹੜੇ ਔਰਤ ਦੀ ਆਮ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਏ ਹਨ। ਅੱਗ ਦੇ ਭਾਂਬੜ ਬਲਣੇ, ਮੰਗਲ-ਸੂਤਰ ਪਾਉਣਾ, ਗਿੱਲੇ ਬਾਲਣ ਦਾ ਧੁੱਖਣਾ ਅਤੇ ਧੂਮ ਦਾ ਫੈਲਦੇ ਰਹਿਣਾ, ਕੱਚ ਦੀਆਂ ਵੰਗਾਂ ਵਾਂਗ ਜਜ਼ਬਿਆਂ ਦਾ ਟੁੱਟਦੇ ਰਹਿਣਾ, ਮੈਲੇ ਕੱਪੜੇ ਮਲ-ਮਲ ਕੇ ਧੋਣਾ, ਸੋਚ ਦੀ ਚੱਕੀ ਪੀਂਹਦੇ ਰਹਿਣਾ, ਚਾਦਰ ਤਾਣ ਕੇ ਸੁੱਤੇ ਰਹਿਣਾ, ਗੁੰਦੇ ਸਿਰ ਤੇ ਹੱਥ ਫੇਰਨਾ, ਚੁੱਲ੍ਹਾ ਬਾਲਣਾ, ਤੰਦੂਰ ਤਪਾਣਾ, ਲੀਰਾਂ (ਦੀਆਂ ਗੁੱਡੀਆਂ) ਨਾਲ ਖੇਡਣਾ, ਸਿਆਪਾ ਕਰਨਾ ਆਦਿ ਹੋਰ ਅਨੇਕ ਕਾਰਜ, ਇਕ ਵਿਸ਼ੇਸ਼ ਅਰਥ ਬੋਧ ਵਿਚ ਬਦਲ ਕੇ ਔਰਤ ਦੀ ਚੇਤਨਾ ਨੂੰ ਅੱਗੇ ਵਧਣ ਤੇ ਮਜ਼ਬੂਰ ਕਰਦੇ ਹਨ।

ਔਰਤ ਦੀ ਸਥਿਤੀ, ਇਕ ਅਜਿਹਾ ਵਿਸ਼ਾ ਹੈ ਜਿਸ ਬਾਰੇ ਜਿਤਨਾ ਵੀ ਲਿਖਿਆ ਜਾਵੇ ਉਤਨਾ ਹੀ ਥੋੜ੍ਹਾ ਹੈ। ਮੈਂ ਨਾਰੀ ਚੇਤਨਾ ਬਾਰੇ ਜੋ ਕੁਝ ਕਹਿ ਸਕੀ ਹਾਂ, ਉਹ ਆਪਣੇ ਪਾਠਕਾਂ ਨੂੰ ਭੇਂਟ ਕਰਦੀ ਹਾਂ ਕਿਉਂਕਿ ਇਹ ਸਾਡੀ ਸਭ ਦੀ ਸਾਂਝੀ ਮਨੋਦਸ਼ਾ ਦੀ ਕਾਵਿ-ਅਭਿਵਿਅਕਤੀ ਹੈ।

**-ਡਾ. ਅਮਰਜੀਤ ਕੌਰ**

# ਭਾਗ ਪਹਿਲਾ

## ਗ਼ਜ਼ਲ

ਜਿਹੜੀ ਨਦੀ ਮੈਂ ਤਰਦੀ ਹਾਂ।
ਉਸ ਨੂੰ ਪਾਰ ਵੀ ਕਰਦੀ ਹਾਂ।

ਪਹਿਲਾਂ ਡਰਦੀ ਸਾਂ ਲੋਕਾਂ ਤੋ,
ਹੁਣ ਜੋਕਾਂ ਤੋਂ ਡਰਦੀ ਹਾਂ।

ਭਾਂਬੜ ਦੇ ਵਿਚ ਪਾ ਕੇ ਆਪਾ
ਤਿਲ-ਤਿਲ ਕਰ ਕੇ ਸੜਦੀ ਹਾਂ।

ਵੇਖ ਲਿਆ ਜੋ ਅਸਲੀ ਚਿਹਰਾ
ਉਸ ਨੂੰ ਨੰਗਾ ਕਰਦੀ ਹਾਂ।

ਭਾਰ ਮੈਂ ਆਪਣਾ ਆਪੇ ਚੁੱਕਾਂ
ਕਿਸੇ ਦੇ ਸਿਰ ਨਹੀਂ ਧਰਦੀ ਹਾਂ।

ਦਿਲ ਦਰਿਆ ਸਮੁੰਦਰੋਂ ਡੂੰਘੇ
ਡੁੱਬ-ਡੁੱਬ ਕੇ ਵੀ ਤਰਦੀ ਹਾਂ।

ਮੇਰੇ ਅੰਦਰ ਵੀ ਸ਼ਕਤੀ ਹੈ,
ਉਸ ਦੀ ਵਰਤੋਂ ਕਰਦੀ ਹਾਂ।

ਹਰ ਇਕ ਭੈਣ ਦੇ ਸਿਰ ਦੇ ਉੱਤੇ
ਅਣਖ ਦਾ ਤਾਜ ਮੈਂ ਧਰਦੀ ਹਾਂ।

********

## ਗ਼ਜ਼ਲ

ਪਤਾ ਨਹੀਂ ਕਿਉਂ ਲੱਗ ਜਾਦੇ ਹਨ, ਘਰ ਅੰਦਰ ਇਹ ਜਾਲੇ?
ਲਾਹ-ਲਾਹ ਕੇ ਮੈ ਥੱਕੀ ਹਾਰੀ, ਹੱਥੀ ਪੈ ਗਏ ਛਾਲੇ।

ਨਿਕਟ ਭਵਿੱਖ ਦੀ ਸੋਚ ਨਾ ਸੋਚੀ, 'ਹੁਣ' ਤੋਂ ਰਹੀ ਨਿਰਲੇਪ,
ਲੰਮੀਆਂ ਸੋਚਾਂ ਸੋਚ-ਸੋਚ ਕੇ, ਦਿਨ ਜੀਵਨ ਦੇ ਗਾਲੇ।

ਫੈਲ ਗਿਆ ਹੈ ਇਸ ਦੁਨੀਆ ਵਿਚ, ਉਲਝਣ ਦਾ ਜਿਉਂ ਜਾਲ,
ਮੈਂ ਦੇ ਅੰਦਰ ਮੈਂ-ਦਰ-ਮੈਂ ਜਿਉਂ, ਜਾਲੇ ਦੇ ਵਿਚ ਜਾਲੇ।

ਅੰਗ-ਅੰਗ ਨੂੰ ਡੰਗਣ ਵਾਲੇ, ਨਾਗ ਨਹੀਂ ਸਨ ਪਾਲੇ,
ਅੰਦਰ ਬਾਹਰ ਅੱਗ ਦੇ ਭਾਬੜ, ਪਤਾ ਨਹੀਂ, ਕਿਸ ਬਾਲੇ ?

ਮੈਂ ਕੀ ਜਾਣਾ ਇਸ ਸੂਰਜ ਦਾ, ਜਨਮ ਕਦੋਂ ਸੀ ਹੋਇਆ?
ਮੱਸਿਆ ਦੀ ਹਰ ਰੁੱਤ ਵਿਚ ਆਪਾ, ਘਰ-ਘਰ ਦੀਵੇ ਬਾਲੇ।

******

## ਗ਼ਜ਼ਲ

ਗ਼ਮ ਨੇ ਡੇਰੇ ਲਾਏ ਨੇ !
ਆਪਣੇ ਘਰ ਹੀ ਆਏ ਨੇ।

ਸੱਧਰਾਂ ਦੀ ਲੜੀ ਬਣਾ ਕੇ,
ਮੰਗਲ-ਸੂਤਰ ਪਾਏ ਨੇ।

ਸਿੰਝ ਕੇ ਆਪਣੇ ਲਹੂ ਨਾਲ,
ਜੋਬਨ ਰੁੱਤ ਹੰਢਾਏ ਨੇ!

ਆਪਣੇ ਹੱਥੀਂ ਸੁਫ਼ਨੇ ਆਪੇ,
ਮਿੱਟੀ ਵਿਚ ਮਿਲਾਏ ਨੇਂ!

ਖੇੜੇ ਦੀ ਰੁੱਤ ਦੇ ਅੰਦਰ,
ਫੁੱਲ ਬਾਗ਼ੀ ਕੁਮਲਾਏ ਨੇ!

ਫੁੱਲਾਂ ਤੋਂ ਕੋਮਲ ਜਜ਼ਬੇ,
ਰੋ-ਰੋ ਕੇ ਸਧਰਾਏ ਨੇ।

ਇੱਛਾ ਦੇ ਹਰ ਰੂਪ ਦੇ ਅੱਗੇ,
ਕੰਡਿਆਂ ਝੁਰਮਟ ਪਾਏ ਨੇ!

ਦਰਦਾਂ ਦੀਆਂ ਪੰਡਾਂ ਚੁੱਕ ਕੇ,
ਗੀਤ ਗ਼ਮਾਂ ਦੇ ਗਾਏ ਨੇ!

******

## ਗ਼ਜ਼ਲ

ਡਾਢਾ ਮਾਰੇ ਰੋਣ ਨਾ ਦੇਵੇ!
ਅੱਖ 'ਚੋਂ ਅੱਥਰੂ ਚੋਣ ਨਾ ਦੇਵੇ!

ਮੱਛਰ ਵਾਂਗੂੰ ਘੂੰ-ਘੂੰ ਕਰਦਾ,
ਚੈਨ ਨਾਲ ਉਹ ਸੌਣ ਨਾ ਦੇਵੇ।

ਉਹ ਮਾਲਕ ਹੈ ਸਾਰੇ ਘਰ ਦਾ,
ਕਿਸੇ ਦੀ ਮਰਜ਼ੀ ਹੋਣ ਨਾ ਦੇਵੇ।

ਹਰ ਦਮ ਅੰਦਰ ਡੱਕੀ ਰੱਖਦਾ,
ਬਾਹਰ ਕਦੇ ਖਲ੍ਹੋਣ ਨਾ ਦੇਵੇ।

ਬਣਿਆ ਬੈਠਾ ਜੁਗ ਦਾ ਸ਼ੇਰ
ਮੂੰਹ ਆਪਣਾ ਉਹ ਧੋਣ ਨਾ ਦੇਵੇ।

******

## ਗ਼ਜ਼ਲ

ਜਿਹੜੀ ਔਰਤ ਸੋਚੀ ਪੈ ਗਈ।
ਸਮਝੋ, ਨਦੀ ਕਿਨਾਰੇ ਬਹਿ ਗਈ।

ਉਸ ਨੇ ਅੱਗੇ ਨਹੀਂ ਜੇ ਤੁਰਨਾ,
ਪੈਰਾਂ ਵੱਲ ਜੋ ਤੱਕਦੀ ਰਹਿ ਗਈ।

ਹੋਣੀ ਨੂੰ ਤਕਦੀਰ ਜੋ ਸਮਝੇ
ਅੱਖ ਮੀਟ ਉਹ ਸਭ ਕੁਝ ਸਹਿ ਗਈ।

ਮੋਹ ਮਾਇਆ ਦੇ ਅੰਦਰ ਰਹਿ ਕੇ
ਮੁੜ-ਮੁੜ ਪਿੱਛੇ ਤੱਕਦੀ ਰਹਿ ਗਈ।

*******

## ਗ਼ਜ਼ਲ

ਕੀ ਕਹੀਏ ਮਾਹੌਲ ਦੇ ਬਾਰੇ ?
ਸੋਚ-ਸੋਚ ਅਸੀਂ ਥੱਕੇ-ਹਾਰੇ।

ਨਾਲੇ ਚੋਰ ਤੇ ਨਾਲੇ ਚਤਰਾ,
ਸਮਝ ਨਾ ਆਵਣ ਉਸ ਦੇ ਕਾਰੇ।

ਉਹ ਬਗਲਾ ਹੈ ਸਾਡੇ ਜੁੱਗ ਦਾ,
ਬੈਠਾ ਰਹਿੰਦਾ ਨਦੀ ਕਿਨਾਰੇ।

ਮਿੱਠੇ ਪਾਣੀ ਦਾ ਕੀ ਕਹਿਣਾ,
ਉਹ ਤਾਂ ਪੀ ਗਿਆ ਸਾਗਰ ਖਾਰੇ।

ਉਸ ਦੇ ਦਿਲ ਦੀ ਪੀੜ ਪਛਾਣੋ
ਉਜੜ ਗਿਆ ਜੋ ਸਣ-ਪਰਿਵਾਰੇ।

ਬੈਠ ਕੇ ਵਿਹਲਾ ਨਦੀ ਕਿਨਾਰੇ,
ਪਾਣੀ ਦੇ ਵਿੱਚ ਵੱਟੇ ਮਾਰੇ।

ਵੰਗਾਂ ਵਾਂਗੂ ਟੁੱਟੇ ਹੋਏ
ਦਿਲ ਨੂੰ ਦੇਵੇ ਕੌਣ ਸਹਾਰੇ।

ਮੱਸਿਆ ਤੋਂ ਵੀ ਕਾਲੇ ਦਿਨ ਵਿਚ
ਬੰਦਾ, ਦੁੱਖ ਦੀ ਰਾਤ ਗੁਜ਼ਾਰੇਂ।

ਕੋਈ ਕਿਸੇ ਦਾ ਕੰਮ ਨਾ ਕਰਦਾ
ਪਿੱਛੋ ਜੇ ਨਾ ਹੋਣ ਇਸ਼ਾਰੇ !

******

## ਗ਼ਜ਼ਲ

ਭੁੱਖ-ਤ੍ਰੇਹ ਹੈ ਰੋਗ ਬਣ ਜਾਂਦੀ।
ਅੱਤ ਦੀ ਤ੍ਰਿਸ਼ਨਾ ਮਾਰ ਮੁਕਾਂਦੀ।

ਸਾਗਰ ਕੰਢੇ ਚੰਚਲ ਚਿੜੀਆ,
ਮੁੜ-ਮੁੜ ਪਿਆਸੀ ਹੀ ਉੱਡ ਜਾਂਦੀ।

ਘੁੰਮਦੀ ਪਈ ਆਵਾਰਾ ਗਾਂ ਜੋ
ਪਤਾ ਨਹੀਂ ਉਹ ਕੀ ਕੁਝ ਖਾਂਦੀ।

ਜਿਹੜੀ ਘਰੋਂ ਬੇਘਰ ਹੋ ਜਾਵੇ,
ਉਸ ਦੀ ਹਾਲਤ ਕਹੀ ਨਾ ਜਾਂਦੀ।

ਡੁੱਬਦੀ ਨੂੰ ਕੋਈ ਬਾਹਰ ਕੱਢੋ,
ਵੇਖੋ, ਕਿਤਨਾ ਹੈ ਕੁਰਲਾਉਂਦੀ।

******

## ਗ਼ਜ਼ਲ

ਸੀਨੇ ਦੇ ਵਿਚ ਚਲਦੇ ਆਰੇ।
ਅੱਖਾਂ ਵੀ ਬਣ ਜਾਣ ਅੰਗਾਰੇ।

ਭੈਅ ਨੇ ਐਸੀ ਹਾਲਤ ਕੀਤੀ,
ਪੰਛੀ ਵੀ ਹੁਣ ਪਰ ਨਾ ਮਾਰੇ।

ਵਿਚਰ ਰਹੇ ਹਾਂ ਇਸ ਦੁਨੀਆ ਵਿਚ,
ਟੁੱਟੇ ਹੋਏ ਜਿਉਂ ਅਰਸ਼ੋਂ ਤਾਰੇ।

ਸਾਰੀ ਮਿਹਨਤ ਖਾ ਗਿਆ ਕੱਲਾ,
ਸਾਡੇ ਹਿੱਸੇ ਆਏ ਲਾਰੇ।

ਆਪਣੇ ਕੋਠੇ ਆਪੇ ਭਰਦਾ,
ਸਾਨੂੰ ਕਹਿੰਦਾ 'ਰੱਬ ਦੇ ਮਾਰੇ '!

ਬੱਚਾ ਰੋਂਦਾ ਭੁੱਖ ਦੇ ਨਾਲ
ਤੂੰ ਵਰਚਾ ਰਿਹੈਂ ਨਾਲ ਗੁਬਾਰੇ।

*******

## ਗ਼ਜ਼ਲ

ਮਨ ਦੀ ਮੈਲ ਨੂੰ ਧੋਣਾ ਔਖਾ।
ਇਸ ਨੂੰ ਨਿਰਮਲ ਕਰਨਾ ਔਖਾ।

ਗੱਲ ਭਾਵੇਂ ਕੋਈ ਵੀ ਸੋਚੋ,
ਹੈ ਸਭ ਨੂੰ ਖੁਸ਼ ਰੱਖਣਾ ਔਖਾ।

ਕੋਈ-ਕੋਈ ਝੱਖੜ ਐਸਾ ਝੁੱਲੇ,
ਜ਼ਿੰਦਗੀ ਦੇ ਵਿਚ ਜਰਨਾ ਔਖਾ।

ਪਤਾ ਨਹੀਂ ਕੀ ਹੋਇਆ ਮਨ ਨੂੰ,
ਹੋ ਗਿਆ ਉਸ ਨੂੰ ਪੜ੍ਹਨਾ ਔਖਾ।

ਬਹਿ-ਬਹਿ ਕੇ ਵੀ ਥੱਕ ਜਾਂਦੇ ਹਾਂ,
ਫਿਰ ਕਿਉਂ ਲੱਗਦਾ ਤੁਰਨਾ ਔਖਾ?

ਕੰਡਿਆਂ ਨਾਲ ਸਹੇਲ-ਪੁਣਾ ਹੈ
ਹੁਣ ਫੁੱਲਾਂ ਨਾਲ ਰਹਿਣਾ ਔਖਾ।

ਕੂੜ ਦੀ ਹੱਟੀ ਪਾਈ ਬੈਠੇ
ਸੱਚਾ ਸੌਦਾ ਕਰਨਾ ਔਖਾ।

******

## ਗ਼ਜ਼ਲ

ਕੁਝ ਜ਼ਮਾਨੇ ਨਾਲ ਵੀ ਲੜਿਆ ਕਰੋ।
ਨਾ ਜ਼ਮਾਨੇ ਦਾ ਸਿਤਮ ਜਰਿਆ ਕਰੋ।

ਇਹ ਜ਼ਮਾਨਾ ਹੋ ਗਿਆ ਮੂੰਹ-ਜ਼ੋਰ ਹੈ,
ਪਾਣੀ ਉਸ ਦਾ ਨਾ ਕਦੇ ਭਰਿਆ ਕਰੋ।

ਬੁਜ਼ਦਿਲੀ ਹੈ ਜ਼ੁਲਮ ਸਹਿਣਾ, ਭੈਣ ਜੀ !
ਲੈ ਕੇ ਐਸੀ ਸੋਚ ਵੀ ਮਰਿਆ ਕਰੋ।

ਜ਼ੁਲਮ ਕਿਹੜੇ ਦੌਰ ਵਿਚ ਹੋਇਆ ਨਹੀਂ,
ਇਸ ਦ੍ਰਿਸ਼ਟੀ ਵਿਚ ਵੀ ਤਰਿਆ ਕਰੋ।

ਜਿਨ੍ਹਾਂ ਨੇ ਹੈ ਇਹ ਜ਼ਮਾਨਾ ਸਿਰਜਿਆ,
ਉਨ੍ਹਾਂ ਦੀ ਖੁਰਲੀ 'ਚ ਨਾ ਚਰਿਆ ਕਰੋ!

ਸ਼ਕਲ ਸੂਰਤ ਭੁੱਲ ਗਿਆ ਜੋ ਆਪਣੀ,
ਸ਼ੀਸ਼ਾ ਉਹਦੇ ਅੱਗੇ ਵੀ ਧਰਿਆ ਕਰੋ।

ਆਪਣੀ ਸੀਮਾ ਵਿਚੋਂ ਬਾਹਰ ਨਿਕਲ ਕੇ,
ਸੀਮਾ ਦਾ ਸਵੈਮਾਨ ਵੀ ਘੜਿਆ ਕਰੋ।

******

## ਗ਼ਜ਼ਲ

ਬਾਲ ਕੇ ਦੀਵਾ ਆਸ ਦਾ ਹੈ ਉਹ ਖੜ੍ਹੀ।
ਪਰ ਇਸ ਜ਼ਮਾਨੇ ਦੀ ਨਬਜ਼ ਉਸ ਨਾ ਫੜੀ।

ਦੁੱਖਦੀ ਰਗ ਤੇ ਹੱਥ ਧਰ ਕੇ ਫਿਰ ਉਹ ਬੋਲੀ।
'ਮੈਨੂੰ ਹੈ ਹਮਦਰਦੀ ਤੇਰੇ ਨਾਲ ਬੜੀ।'

ਰਿਸ਼ਤਿਆਂ ਵਿਚ ਦਰਦ, ਨਾ ਕੋਈ ਸੇਕ ਹੈ,
ਮੁੜ ਚਲੀ, ਉਹ ਬੈਠ ਕੇ ਅੱਧੀ ਘੜੀ।

ਗੱਲ ਕਰਦੇ ਪੀ ਕੇ ਦੂਹਰੇ ਰਿਸ਼ਤਿਆਂ ਦੀ,
ਹੋਸ਼ ਵਿਚ ਜੁੜਦੀ ਨਹੀਂ ਹੈ ਇਕ ਕੜੀ।

ਜਦ ਕਦੇ ਮਿਲਦੀ ਅਚਾਨਕ ਰਾਹ ਵਿਚ,
ਪੁੱਛ ਲੈਂਦੀ ਹਾਲ, ਸਭ ਦਾ ਖੜੀ-ਖੜੀ !

ਉਹ ਮਿੱਠੀ-ਮਿੱਠੀ ਗੱਲ ਕਰਦੀ ਮੂੰਹ 'ਤੇ,
ਪਰ ਕੰਡ ਫੇਰਣ-ਸਾਰ ਬਾਲਦੀ ਫੁੱਲਝੜੀ!

ਰੋਜ਼ ਵਿਹਲੀ ਹੋ ਕੇ ਕਹਿੰਦੀ ਗਲੀ ਵਿਚ,
ਕਿਹੜੀ, ਕਿਸ ਦੇ ਨਾਲ, ਕਿਸ ਗੱਲੋਂ ਲੜੀ।

******

## ਗ਼ਜ਼ਲ

ਔਰਤ, ਸਦਾ ਤੋਂ ਹੈ ਬੇਚਾਰੀ।
ਉਸ ਦੀ ਨਾ ਕੋਈ ਥਾਣੇਦਾਰੀ।

ਹਰ ਵੇਲੇ ਖਾਮੋਸ਼ ਹਾਦਸੇ,
ਜਰਦੀ ਹੈ ਔਰਤ ਬੇਚਾਰੀ।

ਜਨਮ ਤੋਂ ਲੈ ਕੇ ਮਰਨ ਤੀਕਰਾਂ
ਸਹਿਣੀ ਪੈਂਦੀ ਹੈ ਤ੍ਰਿਸਕਾਰੀ।

ਬਾਬਲ ਘਰ ਤੋਂ ਸਹੁਰੇ ਘਰ ਤੱਕ
ਅਪਣੀ ਨਹੀਂ ਹੈ ਚਾਰ-ਦੀਵਾਰੀ।

ਭਰੇ-ਭਰਾਏ ਘਰ ਦੇ ਵਿਚ ਵੀ
ਪੁੱਤਾਂ ਦੀ ਸਹਿੰਦੀ ਸਰਦਾਰੀ।

******

**ਗ਼ਜ਼ਲ**

ਤੇਜ਼ ਹਵਾ ਵਿੱਚ ਸੁੱਕੇ ਪੱਤੇ ਉੱਡਦੇ ਨੇ।
ਬੇਘਰ ਲੋਕੀਂ ਜੀਕਣ ਦਰ-ਦਰ ਰੁਲਦੇ ਨੇ।

ਬਾਗ਼ ਦਾ ਮਾਲੀ ਵੀ ਨਾ ਸਾਂਭੇ ਉਨ੍ਹਾਂ ਨੂੰ,
ਜਿਹੜੇ ਝੜ ਕੇ ਧਰਤੀ ਉੱਤੇ ਡਿੱਗਦੇ ਨੇ।

ਦੋ-ਦਲੀਲਾਂ ਦੇ ਵਿਚ ਜਿਹੜੇ ਰਹਿੰਦੇ ਨੇ,
ਉਨ੍ਹਾਂ ਦੀ ਹਾਲਤ 'ਤੇ ਲੋਕੀ ਹੱਸਦੇ ਨੇ।

ਜਿਹੜੇ ਭਰਮ-ਭੁਲੇਖੇ ਪੈਦਾ ਕਰਦੇ ਨੇ
ਉਨ੍ਹਾਂ ਦੇ ਪਿੱਛੇ ਹੀ ਲੋਕੀ ਭੱਜਦੇ ਨੇ।

ਝੂਠ, ਮੁਲੰਮੇ ਵਾਂਗੂੰ ਚੰਗਾ ਲੱਗਦਾ ਹੈ,
ਸੱਚ ਕਹਾਂ ਤਾਂ ਸੁਣ ਕੇ ਭਾਂਬੜ ਮੱਚਦੇ ਨੇ।

*******

## ਗ਼ਜ਼ਲ

ਸੋਚਦੇ ਹਾਂ ਵਿਹਲੇ ਹੋ ਕੇ ਜਦ ਕਦੇ।
ਮੁੜ ਕੇ ਆਉਣਗੇ ਉਹ ਵੇਲੇ ਵੀ ਕਦੇ ?

ਉਮਰ ਮੁੱਕ ਜਾਂਦੀ ਹੈ ਸੋਚਾਂ ਵਿਚ ਹੀ,
ਬੰਦੇ ਦੀ ਪਰ ਸੋਚ ਨਾ ਮੁਕਦੀ ਕਦੇ।

ਦੁਨੀਆਂ ਦੇ ਦਸਤੂਰ ਨੂੰ ਜੇ ਮੰਨੀਏ,
ਮਿਲਦੀ ਨਹੀਂ ਹੈ ਢੋਈ ਫਿਰ ਵੀ ਕਦੇ।

ਦੁਨੀਆਂ ਦੇ ਦਸਤੂਰ ਨੂੰ ਜੇ ਤੋੜੀਏ,
ਕਿਸੇ ਨਹੀਂ ਭਰਨਾ ਹੁੰਗਾਰਾ ਵੀ ਕਦੇ।

ਮੱਧ ਵਰਤੀ ਰਾਹਾਂ ਤੇ ਤੁਰਦੇ ਰਹੋ
ਔਕੜ ਸ਼ਾਇਦ ਫਿਰ ਨਾ ਆਏਗੀ ਕਦੇ,

## ਸ਼ਿਅਰ

ਫਿਕਰਾਂ ਦੀ ਝੁੱਲੀ ਹਨ੍ਹੇਰੀ ਇਸ ਤਰ੍ਹਾਂ,
ਬੇ-ਫ਼ਿਕਰੀ ਵਿਚ ਜੀਣਾ ਔਖਾ ਹੋ ਗਿਆ।

******

## ਗ਼ਜ਼ਲ

ਟੀਚਿਆਂ ਤੇ ਪਹੁੰਚ ਜਾਈਏ ਜਦ ਕਦੀ।
ਸ਼ੁਕਰ ਦੀ ਫੁੱਲਵਾੜੀ ਖਿੜ ਕੇ ਮਹਿਕਦੀ।

ਫੜ ਲਿਆ ਪੱਲਾ ਜਦੋਂ ਵਿਸ਼ਵਾਸ ਦਾ,
ਮਨ ਦੀ ਕਿਆਰੀ ਫੁੱਲ ਬਣ ਕੇ ਟਹਿਕਦੀ।

ਸੱਧਰਾਂ ਦਾ ਜਦ ਰੰਗ ਸੰਧੂਰੀ ਹੋ ਗਿਆ,
ਚਿੜੀਆਂ ਵਾਂਗੂੰ ਉੱਡਦੀ ਫਿਰਦੀ ਚਹਿਕਦੀ।

ਕਹਿਰ ਟੁੱਟਦਾ ਵਕਤ ਦਾ ਜਦ ਆਸ 'ਤੇ,
ਡਰੀ ਹੋਈ ਜ਼ਿੰਦਗੀ ਹੋਰ ਤ੍ਰਹਿਕਦੀ।

ਹਿੰਮਤ ਕਰ ਕੇ ਗੋਡੀ ਕਰੀਏ ਆਸ ਦੀ,
ਖਿੜ ਕੇ ਫੁੱਲਾਂ ਵਾਂਗ ਹੈ ਉਹ ਮਹਿਕਦੀ।

ਆਉ! ਇਸ ਨੂੰ ਯਤਨ ਕਰ ਕੇ ਜੋੜੀਏ,
ਖਿੰਡੀ ਹੋਈ ਜ਼ਿੰਦਗੀ, ਜੋ ਸਹਿਕਦੀ।

## ਸ਼ਿਅਰ

ਮਨ-ਪ੍ਰਚਾਵਾ ਕਰ ਕੇ ਲੁੱਟੀ ਜਾਂਦੇ ਨੇ,
ਸੋਚਣ ਦਾ ਵੀ ਮੌਕਾ ਸਾਨੂੰ ਨਹੀਂ ਦੇਂਦੇ

******

## ਗ਼ਜ਼ਲ

ਆਪਣੀ-ਆਪਣੀ ਲਾਠੀ ਸਭ ਨੂੰ ਪਿਆਰੀ ਹੈ ।
ਇਹ ਦੁਨੀਆਂ ਨਾ ਕਦੇ ਕਿਸੇ ਤੋਂ ਹਾਰੀ ਹੈ।

ਬੰਦਾ ਭਾਵੇਂ ਮਰ ਜਾਏ ਤਾਂ ਮਰ ਜਾਏ,
ਪਰ ਬੰਦੇ ਦੀ ਆਦਤ ਬੜੀ ਨਿਆਰੀ ਹੈ।

ਇਸ ਦੁਨੀਆ ਵਿਚ ਜੀਣਾ ਇਕ ਮਜ਼ਬੂਰੀ ਹੈ,
ਇਹ ਮਜ਼ਬੂਰੀ ਵੀ ਤਾਂ ਲੱਗਦੀ ਪਿਆਰੀ ਹੈ।

ਉਹਦੇ ਪੱਲੇ ਹੁਨਰ ਨਹੀਂ ਤਾਂ ਕੀ ਹੋਇਆ,
ਪੈਸੇ ਦਾ ਉਹ ਸਭ ਤੋਂ ਵੱਡਾ ਸ਼ਿਕਾਰੀ ਹੈ।

ਤੀਰਾਂ ਵਰਗੇ ਕੰਡੇ ਲੱਗਦੇ ਭੈੜੇ ਨੇ,
ਹਰ ਕੋਈ ਲੱਭਦਾ ਫੁੱਲਾਂ ਭਰੀ ਕਿਆਰੀ ਹੈ।

ਨਫ਼ਰਤ ਦੇ ਇਸ ਦੌਰ ਦੇ ਅੰਦਰ ਮੈਂ ਲੱਭਾ,
ਕਿਹੜੇ ਘਰ ਵਿਚ ਫੈਲੀ ਨਹੀਂ ਬਿਮਾਰੀ ਹੈ ?

*******

## ਗ਼ਜ਼ਲ

ਪਿੱਛੇ ਮੁੜਾ ਤਾਂ ਪਿਆਰ ਹੈ, ਅੱਗੇ ਜਾਵਾਂ ਨਾਗ ਹੈ।
ਜ਼ਿੰਦਗੀ ਵੀ ਕਿਸ ਤਰ੍ਹਾਂ ਦਾ ਇਕ ਅਨੋਖਾ ਰਾਗ ਹੈ ?

ਜ਼ਿੰਦਗੀ ਵਿਚ ਕਿਸ ਤਰ੍ਹਾਂ ਦੇ, ਵਰਤ ਜਾਂਦੇ ਹਾਦਸੇ!
ਹਰ ਕਿਸੇ ਦੇ ਹਿੱਸੇ ਆਉਂਦਾ, ਅਪਣਾ-ਅਪਣਾ ਭਾਗ ਹੈ।

ਰਸਮ ਤੇ ਰਿਵਾਜ਼ ਦਾ, ਇਹ ਫੈਲਿਆ ਹੈ ਜ਼ਹਿਰ ਜੋ,
ਤੇਰੇ ਮੇਰੇ ਚਿਹਰਿਆਂ ਤੇ,ਬਣ ਗਿਆ ਇਹ ਦਾਗ਼ ਹੈ।

ਚਿਹਰੇ ਉੱਤੇ ਚਿਹਰਾ ਲਾਈ, ਫਿਰ ਰਿਹਾ ਹੈ ਆਦਮੀ,
ਆਦਮੀ ਦੇ ਭੇਸ ਅੰਦਰ, ਇਹ ਦੋ-ਮੂੰਹਾਂ ਨਾਗ ਹੈ।

ਗਿੱਲੇ ਬਾਲਣ ਵਾਂਗ ਬੰਦਾ, ਧੁੱਖ ਰਿਹਾ ਇਸ ਦੌਰ ਵਿਚ
ਧੂੰਆਂ ਬਣ ਕੇ ਫੈਲ ਰਿਹਾ, ਇਸ ਦੌਰ ਦਾ ਜਿਉਂ ਭਾਗ ਹੈ!

******

## ਗ਼ਜ਼ਲ

ਦੌਰ ਦੀ ਇਸ ਸੋਚ ਬਾਰੇ ਸੋਚੀਏ ਕੀ ਹੁਣ ਭਲਾ ?
ਮੈਂ ਜਦੋਂ ਵੀ ਸੋਚਦੀ ਹਾਂ ਸੋਚ ਦਾ ਇਹ ਸਿਲਸਿਲਾ।

ਘਰਾਂ ਦੀ ਹੀ ਏਕਤਾ ਹੁਣ ਭੰਗ ਹੁੰਦੀ ਜਾ ਰਹੀ।
ਕੀ ਬਣੇਗਾ ਦੇਸ਼ ਦੀ ਇਸ ਏਕਤਾ ਦਾ ਹੁਣ ਭਲਾ ?

ਹੱਕ ਖਾਂਦੇ ਦੂਜਿਆਂ ਦਾ ਖੋਹ ਕੇ ਤੇ ਮਾਰ ਕੇ,
ਇਸ ਤਰ੍ਹਾਂ ਦੀ ਬਿਰਤੀ ਵਿਚੋਂ ਨਿਕਲੇਗਾ ਕੀ ਹੁਣ ਭਲਾ ?

ਅਮਨ ਸ਼ਾਂਤੀ ਚੈਨ ਸਾਰਾ ਖੋਹ ਲਿਆ ਨੇਤਾ-ਗਿਰੀ,
ਇਸ ਤਰ੍ਹਾਂ ਦੇ ਰਾਜ ਅੰਦਰ ਅਮਨ ਕਿੱਥੇ ਹੁਣ ਭਲਾ ?

ਲੜੀ ਜਾਂਦੇ ਲੋਕ ਵੇਖੋ ਬੰਜਰ ਟੋਟੇ ਦੇ ਲਈ,
ਕਿਹੜੀ ਮਿੱਟੀ ਨਾਲ ਬਣਿਆ ਉਸ ਦਾ ਇਹ ਗੁਣ ਭਲਾ ?

ਧਰਮ ਖਾਤਰ ਕਰ ਰਹੇ ਹਾਂ ਧਰਮ ਦੀ ਨਿੰਦਾ ਅਸੀਂ
ਧਰਮ ਅੰਦਰ ਰਹਿ ਗਈ ਕੀ ਸ਼ਰਧਾ ਸਾਡੀ ਹੁਣ ਭਲਾ ?

********

## ਗ਼ਜ਼ਲ

ਸੋਚ ਪਰਾਈ ਤੋਂ ਕੀ ਲੈਣਾ?
ਆਪਣੀ ਸੋਚ ਹੈ ਅਸਲੀ ਗਹਿਣਾ।

ਸਾਹ ਉਧਾਰੇ ਕਦੇ ਨ ਮਿਲਦੇ,
ਇਹ ਸਾਰੀ ਦੁਨੀਆਂ ਦਾ ਕਹਿਣਾ।

ਘੁੰਮ-ਘੰਮਾ ਕੇ ਹਰ ਬੰਦੇ ਨੇ,
ਅਪਣੀ ਹੀ ਛਾਂ ਹੇਠਾਂ ਬਹਿਣਾ।

ਭੁੱਖ ਸ਼ੇਰ ਦੇ ਵਾਂਗੂੰ ਭੁੱਖੇ,
ਬੰਦੇ ਦੇ ਘਰ ਕਿਸੇ ਨਾ ਰਹਿਣਾ।

ਸਰਦੀ ਗਰਮੀ ਝੱਖੜ ਨ੍ਹੇਰੀ,
ਕੁਦਰਤ ਦਾ ਹਰ ਰੂਪ ਮੈਂ ਸਹਿਣਾ।

ਤੇਰੇ ਕਰਮਾਂ ਨੇ ਹੀ ਇਕ ਦਿਨ,
ਸਵਰਗਾਂ ਜਾਂ ਨਰਕਾਂ ਵਿਚ ਪੈਣਾ।

ਭਰੀ ਭਰਾਈ ਦੁਨੀਆਂ ਅੰਦਰ,
'ਮੈਂ' ਤੇ 'ਮੈਂ', ਬਸ ਦੋ ਹੀ ਭੈਣਾਂ!

******

## ਗ਼ਜ਼ਲ

ਮਿੱਟੀ ਪੁੱਟ ਕੇ ਖਾ ਗਏ ਲੋਕ।
ਨਾਲੇ ਵੰਡੀਆਂ ਪਾ ਗਏ ਲੋਕ।

ਗਲੀਆਂ ਦੇ ਕੱਖਾਂ ਤੋਂ ਹੌਲੇ,
ਆਪਣੀ ਹੋਂਦ ਬਣਾ ਗਏ ਲੋਕ।

ਜੀਂਦੇ ਜੀ ਤਾਂ ਗੱਲ ਨਾ ਪੁੱਛੀ,
ਲਾਸ਼ ਤੇ ਫੁੱਲ ਚੜ੍ਹਾ ਗਏ ਲੋਕ।

ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ,
ਜ਼ਹਿਰ ਦੇ ਘੁੱਟ ਪਿਲਾ ਗਏ ਲੋਕ।

ਉਹ ਮੁਰਦਾ ਹੈ ਆਖ-ਆਖ ਕੇ,
ਉਸ ਦੀ ਕਬਰ ਬਣਾ ਗਏ ਲੋਕ।

ਸੱਚ ਦਾ ਜਦ ਵੀ ਚੜ੍ਹਿਆ ਸੂਰਜ,
ਵੇਖ ਕੇ ਹੀ ਘਬਰਾ ਗਏ ਲੋਕ।

ਸੰਭਲ-ਸੰਭਲ ਕੇ ਵੀ ਨਾ ਸੰਭਲੇ,
ਫਿਰ ਵੀ ਧੋਖਾ ਖਾ ਗਏ ਲੋਕ।

ਅਜੇ ਵੀ ਸਾਨੂੰ ਸਮਝ ਨਾ ਆਈ,

ਕਿਸ ਗੱਲੋਂ ਸ਼ਰਮਾ ਗਏ ਲੋਕ?

******

## ਗ਼ਜ਼ਲ

ਲੰਮੀਆਂ ਛਾਲਾਂ ਮਾਰ ਨਾ ਬੰਦੇ।
ਡਿੱਗ ਪੈਸੇ ਮੂੰਹ ਭਾਰ ਵੇ ਬੰਦੇ।

ਕਾਹਨੂੰ ਮਰੂੰ-ਮਰੂੰ ਪਿਆ ਕਰਦਾ ਏਂ
ਤੈਨੂੰ ਕਾਹਦੀ ਘਾਟ ਵੇ ਬੰਦੇ!

ਕੁੰਡੀ ਮਾਰ ਕੇ ਕਿਉਂ ਬੈਠਾ ਏ ?
ਕੁੱਝ ਨਾ ਜਾਸੀ ਨਾਲ ਵੇ ਬੰਦੇ!

ਏਸ ਜਨਮ ਦੀ ਚਿੰਤਾ ਛੱਡ ਕੇ,
ਅਗਲਾ ਜਨਮ ਸੰਵਾਰ ਵੇ ਬੰਦੇ!

ਬਦ ਨੀਤੀ ਦਾ ਖਹਿੜਾ ਛੱਡ ਕੇ,
ਸੱਚ ਦਾ ਕਰ ਵਿਉਪਾਰ ਵੇ ਬੰਦੇ।

ਵਹਿਮਾਂ-ਭਰਮਾਂ ਦੇ ਵਿਰਸੇ ਨੂੰ
ਗਿਆਨ ਦੇ ਨਾਲ ਨਿਤਾਰ ਵੇ ਬੰਦੇ।

ਕੱਚ ਦੀਆਂ ਵੰਗਾਂ ਵਰਗੇ ਜਜ਼ਬੇ,
ਸੱਚ ਦਾ ਝੱਲਦੇ ਭਾਰ ਨਾ ਬੰਦੇ !

ਬੇਖ਼ਬਰੀ ਦੀ ਹਾਲਤ ਅੰਦਰ,
ਲੰਘ ਜਾ ਸਾਗਰ ਪਾਰ ਵੇ ਬੰਦੇ!

******

## ਗ਼ਜ਼ਲ

ਮੇਰਾ ਮਨ ਭਰ ਆਇਆ ਨੀ।
ਗੀਤ ਬ੍ਰਿਹੋਂ ਦਾ ਗਾਇਆ ਨੀ।

ਮੈਲਾ ਕੱਪੜਾ ਮਲ-ਮਲ ਕੇ,
ਧਰਤੀ ਤੇ ਪਟਕਾਇਆ ਨੀ।

ਜੀਵਨ ਦੀਆਂ ਗੁੰਝਲਾ ਮੈਨੂੰ,
ਸੋਚਾ ਵਿਚ ਅਟਕਾਇਆ ਨੀ।

ਲੋੜਾਂ ਦੀ ਖਾਮੀ ਨੇ ਮੈਨੂੰ,
ਸਾਰੀ ਉਮਰ ਭਟਕਾਇਆ ਨੀ।

ਮਹਿਲਾਂ ਦੇ ਵਿਚ ਰਹਿੰਦੀ ਸੀ,
ਬਾਹਰ ਮਾਰ ਵਗਾਇਆ ਨੀ।

ਮਾਵਾਂ ਵਰਗੇ ਹਰ ਜਜ਼ਬੇ ਨਾਲ,
ਬੰਦਿਆਂ ਕਹਿਰ ਕਮਾਇਆ ਨੀ।

ਮਰ ਜਾਏਂਗਾ ਸਾਭ-ਸਾਂਭ ਕੇ,
ਇਸ ਜੱਗ ਦਾ ਸਰਮਾਇਆ ਨੀ।

******

## ਗ਼ਜ਼ਲ

ਰਿਸ਼ਤੇ ਖੇਰੂੰ-ਖੇਰੂੰ ਹੋਏ।
ਵੈਰ-ਵਿਰੋਧਾਂ ਅੰਦਰ ਮੋਏ।

ਹਉਮੈਂ ਅੰਦਰ ਸੜਦੇ-ਬਲਦੇ,
ਸੁੱਖ ਦੀ ਨੀਂਦਰ ਕਦੇ ਨਾ ਸੋਏ।

ਆਪੇ ਛੇੜੇ ਝਗੜੇ-ਝੇੜੇ,
ਆਪੇ ਹੀ ਫਿਰ ਬੂਹੇ ਢੋਏ।

ਆਪਣੇ ਵੀ ਤਾਂ ਡਿੱਗ ਸਕਦੇ ਨੇ,
ਗ਼ੈਰਾਂ ਲਈ ਜੋ ਪੁੱਟੇ ਟੋਏ।

ਦੁੱਖਦੀ ਰਗ ਨੂੰ ਜਦ ਵੀ ਫ਼ੜਿਆ,
ਅੱਖੀਆਂ ਚੋਂ ਪਰਨਾਲੇ ਚੋਏ।

ਬੰਦੇ ਦੀ ਇਸ ਹਾਲਤ ਉੱਤੇ,
ਕਿਹੜਾ ਹੱਸੇ, ਕਿਹੜਾ ਰੋਏ !

ਆਸ ਦੇ ਬੂਟੇ ਜਦ ਵੀ ਖਿੜਦੇ,
ਦਿੱਸਦੇ ਨੇ ਉਹ ਨਵੇਂ ਨਰੋਏ।

********

## ਗ਼ਜ਼ਲ

ਫ਼ਰਜ਼ਾਂ ਦੀ ਕੋਈ ਗੱਲ ਨਾ ਭਾਏ।
ਕਬਜ਼ਾ ਬਿਰਤੀ ਪਈ ਸਤਾਏ।

ਮੈਂ ਹੀ ਮੈਂ ਹਾਂ ਇਸ ਦੁਨੀਆਂ ਵਿਚ,
ਕੋਈ ਨਾ ਮੇਰੇ ਨੇੜੇ ਆਏ।

ਏਹ ਮੇਰਾ ਹੈ, ਏਹ ਵੀ ਮੇਰਾ,
ਇਸ ਨੂੰ ਕੋਈ ਹੱਥ ਨਾ ਲਾਏ।

ਮੋਹ ਮਮਤਾ ਵੀ ਤਾਂ ਜੀਵਨ ਹੈ,
ਏਸ ਸੱਚ ਨੂੰ ਕੌਣ ਝੁਠਲਾਏ ?

ਰਾਮਾਇਣ ਮਹਾਂਭਾਰਤ ਵਰਗੇ,
ਮੋਹ ਨੇ ਅਦਭੁਤ ਕਾਵਿ ਰਚਾਏ।

ਦੂਜੇ ਦੇ ਘਰ ਤੀਲੀ ਲਾ ਕੇ,
ਆਪਣੇ ਘਰ ਦੀ ਅੱਗ ਬੁਝਾਏ।

ਇਕ ਅੱਖ ਵਿਚ ਮਮਤਾ ਦੇ ਹੰਝੂ,
ਦੂਜੀ ਅੱਖ ਨਾਲ ਵੈਰ ਕਮਾਏ।

******

## ਗ਼ਜ਼ਲ

ਬੀਤ ਗਿਆ ਦਿਨ ਆਈ ਰਾਤ।
ਫਿਰ ਆ ਜਾਏਗੀ ਪ੍ਰਭਾਤ।

ਬੱਦਲਾਂ ਨੇ ਹੈ ਘੇਰਾ ਪਾਇਆ,
ਝੜੀ ਲੱਗੇਗੀ ਜਾਂ ਬਰਸਾਤ?

ਮੈਨੂੰ ਕੋਈ ਖ਼ਬਰ ਨਾ ਹੋਈ,
ਦਿਨ ਚੜ੍ਹਿਆ ਹੈ ਜਾਂ ਹੈ ਰਾਤ ?

ਜਾਤਾਂ ਪੁੱਛ-ਪੁੱਛ ਥੱਕੇ ਹਾਰੇ,
ਪਰ ਬੰਦਿਆਂ ਦੀ 'ਬੰਦਰ' ਜਾਤ।

ਰੋਗ ਅਵੱਲਾ ਲਾ ਬੈਠੀ ਹਾਂ,
ਸਮਝ ਲਿਆ ਇਸ ਨੂੰ ਸੌਗਾਤ।

ਤੱਤੇ, ਠੰਡੇ, ਕੌੜੇ, ਮਿੱਠੇ,
ਕਰ ਲੈਂਦੀ ਹੈ ਆਤਮਸਾਤ।

ਜਦ ਵੀ ਵਿਹਲ ਮਿਲੀ ਹੈ ਮੈਨੂੰ
ਆ ਕੇ ਘੇਰ ਲੈਂਦੇ ਹਾਲਾਤ!

******

## ਗ਼ਜ਼ਲ

ਵਕਤ ਦਾ ਕੀ ਵਿਗੜਿਆ ? ਮਰਿਆ ਤਾਂ ਇਨਸਾਨ ਹੈ।
ਵਕਤ ਦਾ ਕੀ ਦੋਸ਼ ਹੈ ?- 'ਵਕਤ ਤਾਂ ਭਾਗਵਾਨ ਹੈ ?'

ਵਕਤ ਹੈ 'ਕਿਸਮਤ' ਕਿਤੇ, ਕਿੱਧਰੇ ਮੌਕਾ ਬਣ ਗਿਆ :
ਰਾਸ ਜਿਸ ਨੂੰ ਆ ਗਿਆ, ਉਹੀ ਤਾਂ ਧਨਵਾਨ ਹੈ।

ਬੀਤਿਆ ਵੀ ਵਕਤ ਹੈ, ਬੀਤਦਾ ਵੀ ਵਕਤ ਹੈ,
ਬੀਤਸੀ ਵੀ ਵਕਤ ਹੈ, ਵਕਤ ਤਾਂ ਬਲਵਾਨ ਹੈ।

ਵਕਤ ਤੇਰਾ ਬੀਤਿਆ, ਵਕਤ ਮੇਰਾ ਆ ਗਿਆ,
ਵਕਤ ਦੇ ਹੱਥਾਂ 'ਚੋਂ ਹੀ, ਬਣਿਆ ਇਹ ਇਨਸਾਨ ਹੈ।

ਵਕਤ ਤਾਂ ਹਰ ਕਿਸੇ ਦਾ, ਅਣ ਸੱਦਿਆ ਮਹਿਮਾਨ ਹੈ,
ਹਰ ਕੋਈ ਹੀ ਫੜੀ ਬੈਠਾ, ਵਕਤੀ ਤੀਰ-ਕਮਾਨ ਹੈ।

******

## ਗ਼ਜ਼ਲ

ਉੱਡਦੀ ਆਈ ਇਕ ਚਿੰਗਾਰੀ, ਤੇਜ਼ ਹਨ੍ਹੇਰੀ ਨਾਲ।
ਆ ਡਿਗੀ ਖੁਸ਼ੀਆਂ ਦੇ ਪਰ ਤੇ ਲੈ ਗਈ ਸਭ ਕੁਝ ਨਾਲ।

ਕੀ ਹੋਇਆ ਜੇ ਸਭ ਕੁਝ ਸੜ ਗਿਆ ਮੇਰੀ ਕਿਸਮਤ ਵਾਂਗ,
ਆਖ਼ਰ ਫੁੱਲ ਵੀ ਰਹਿੰਦੇ ਨੇ ਕੰਡਿਆਂ ਹੀ ਦੇ ਨਾਲ।

ਮੇਰੇ ਲਈ ਤਾਂ ਤੇਰੇ ਘਰ ਦਾ ਹਰ ਚਿਹਰਾ ਅਣਜਾਣ ਸੀ,
ਬਣ ਕੇ ਆਪਣਾ ਕਿਉਂ ਰਲਿਆ ਏਂ ਜਾ ਗ਼ੈਰਾਂ ਦੇ ਨਾਲ।

ਕੀਕਣ ਮੈਂ ਖ਼ੁਦ ਨੂੰ ਸਮਝਾਵਾਂ, ਭੁੱਲ ਜਾ ਬੀਤੇ ਸਾਲ,
ਬਦਲ ਰਿਹਾ ਹੈ ਸਭ ਕੁਝ ਭਾਵੇਂ ਸਮਿਆਂ ਦੇ ਹੀ ਨਾਲ।

ਖੁਸ਼ੀਆ ਵੀ ਤਾਂ ਪਲਕਾਂ ਨੂੰ ਕੁਝ ਅੱਥਰੂ ਦੇਣ ਉਧਾਰ,
ਨਾ ਚਲਦੀ ਜੇ ਤੇਜ਼ ਹਨ੍ਹੇਰੀ ਸਭ ਕੁਝ ਰਹਿੰਦਾ ਨਾਲ।

ਉੱਡਦੀ ਆਈ ਇਕ ਚੰਗਿਆੜੀ ਤੇਜ਼ ਹਨ੍ਹੇਰੀ ਨਾਲ,
ਆ ਬੈਠੀ ਖੁਸ਼ੀਆਂ ਦੇ ਪਰ ਤੇ ਲੈ ਗਈ ਸਭ ਕੁਝ ਨਾਲ।

********

## ਗ਼ਜ਼ਲ

ਨਫ਼ਰਤ ਨਾਲ ਮੈਂ ਕਿਸ ਨੂੰ ਤੱਕਾਂ, ਕਿਸ ਨੂੰ ਗਲ ਨਾਲ ਲਾਵਾਂ ?
ਸਾਰਾ ਵਿਰਸਾ ਹੀ ਸਾਂਝਾ ਹੈ ਕਿਸ ਨੂੰ ਮੈਂ ਛੱਡ ਜਾਵਾਂ ?

ਦੂਰ ਕਿਤੋਂ ਕੋਈ ਮੈਨੂੰ 'ਵਾਜ਼ਾਂ ਮਾਰ ਕੇ ਕੋਲ ਬੁਲਾਵੇ,
ਲੰਮੀਆਂ ਬਾਹਾਂ ਖੋਲ੍ਹ ਕੇ ਆਖੇ 'ਮਾਂਵਾਂ ਠੰਡੀਆ ਛਾਂਵਾਂ'।

ਪਰਿਵੇਸ਼ ਦਾ ਡਰ ਹੈ ਇਤਨਾ, ਮੈਂ ਘੁੱਗੀ ਬਣ ਬੈਠੀ,
ਚਾਰੇ-ਪਾਸੇ ਬਾਜ਼ ਤੇ ਸ਼ਿਕਰੇ ਡਰਦੀ ਉੱਡ ਨਾ ਪਾਵਾਂ।

ਪੱਥਰ ਬਣਕੇ ਉਮਰ ਹੰਢਾਈ, ਬੁੱਤ ਵਾਂਗ ਮੈਂ ਰਹੀ ਅਡੋਲ,
ਫਿਰ ਵੀ ਬਾਤ ਕਿਸੇ ਨਾ ਪੁੱਛੀ, ਕਿਸ ਨੂੰ ਹਾਲ ਸੁਣਾਵਾਂ?

ਵੰਡੀ ਭਾਵੇਂ ਦੇਸ਼ ਦੀ ਹੋਵੇ ਜਾਂ ਫਿਰ ਹੋਵੇ ਘਰ ਦੀ,
ਘਰ ਵੀ ਰੁਲਦਾ, ਪੱਤ ਵੀ ਰੁਲਦੀ, ਧੀਆਂ ਹੋਣ ਜਾਂ ਮਾਵਾਂ।

ਇਸ ਧਰਤੀ ਤੇ ਭਾਰ ਹੈ ਕਿਤਨਾ, ਤੋਲ ਨਾ ਸਕਿਆ ਕੋਈ,
ਨਾ ਕੋਈ ਤੱਕੜੀ ਨਾ ਕੋਈ ਵੱਟੇ, ਕਿਸ ਤੋਂ ਤੋਲ ਕਰਾਵਾਂ?

********

## ਗ਼ਜ਼ਲ

ਨਿਰ ਉਦੇਸ਼ੀ ਜ਼ਿੰਦਗੀ ਜੀਂਦੀ ਰਹੀ।
ਜ਼ਹਿਰ ਅੱਠੇ ਪਹਿਰ ਜਿਉਂ ਪੀਂਦੀ ਰਹੀ।

ਮੈਂ ਜ਼ਮਾਨੇ ਨਾਲ ਟਕਰਾਈ ਸਦਾ,
ਜ਼ਹਿਰ ਵਰਗੇ ਸੱਚ ਵਿਚ ਥੀਂਦੀ ਰਹੀ।

ਜਦ ਵੀ ਗੱਲ ਦੱਸਣ ਦੀ ਆਈ ਦੋਸਤੋ।
ਹੋਂਠ ਆਪਣੇ ਮੈਂ ਸਦਾ ਸੀਂਦੀ ਰਹੀ।

ਸੋਚਾਂ ਵਿਚੋਂ ਸੋਚ ਦਾ ਇਕ ਸਿਲਸਿਲਾ,
ਸੋਚ ਵੀ ਚੱਕੀ ਜਿਉਂ ਪੀਂਹਦੀ ਰਹੀ।

ਮੇਰੀ ਖ਼ਾਤਰ ਜਾਗਿਆ ਜਗ ਉਮਰ ਭਰ,
ਸੋ ਕੇ ਵੀ ਮੈਂ ਉਮਰ ਭਰ ਉਨੀਂਦੀ ਰਹੀ।

*******

## ਗ਼ਜ਼ਲ

ਅੰਦਰ ਪਈਆਂ ਤ੍ਰੇੜਾਂ ਢੇਰ।
ਬਾਹਰੋਂ ਭਾਵੇਂ ਪੋਚੇ ਫੇਰ ।

ਦਿਸਦੇ ਨਹੀਂ, ਹੁਣ ਘਰ ਕਿੱਧਰੇ ਵੀ,
ਬਸ, ਰਹਿ ਗਏ ਮਕਾਨਾਂ ਦੇ ਢੇਰ।

ਬਣਦੇ ਜਾ ਰਹੇ ਹੋਸਟਲ ਘਰ,
ਘਰ, ਬੂਹੇ-ਬਾਰੀਆਂ ਦੇ ਢੇਰ।

ਮਿਲਦਾ ਨਹੀਂ ਹੁਣ ਨਿੱਘ ਕਿਤੇ ਵੀ,
ਭਾਂਬੜ ਬਲਦੇ ਚਾਰ-ਚੁਫੇਰ ।

ਕੈਸੀ ਹੋ ਗਈ ਦਸ਼ਾ ਧਰਤ ਦੀ,
ਰੱਬਾ! ਮੂੰਹ ਧਰਤੀ ਵੱਲ ਫੇਰ।

******

## ਗ਼ਜ਼ਲ

ਵੇਸ ਬਦਲ ਜੋ ਫਿਰਦੇ ਲੋਕ !
ਨਿਰਭੈ ਹਨ ਜਾਂ ਕਿ ਡਰਪੋਕ?

ਅੱਗੇ-ਪਿੱਛੇ ਸ਼ਸਤਰਧਾਰੀ,
ਫਿਰ ਵੀ ਸਹਿਮੇ ਫ਼ਿਰਦੇ ਲੋਕ।

ਜੀਂਦੀ ਮਾਂ ਨੂੰ ਧੱਕੇ ਮਾਰਣ
ਪੂਜਣ, ਬੈਠੇ ਜੋ ਪਰਲੋਕ।

ਜ਼ੁਲਮ ਦੀ ਗੁੱਝੀ ਨੀਤੀ ਤੇਰੀ,
ਮੈਂ ਰੋਕਾਂਗੀ ਛਾਤੀ ਠੋਕ।

ਬੰਦਾ, ਬੰਦੇ ਤੋਂ ਨਹੀਂ ਡਰਦਾ,
ਅੜ ਜਾਂਦਾ ਹੈ ਛਾਤੀ ਠੋਕ।

ਕੋਇਲ ਕੋਕ ਰਹੀ ਬੇਚਾਰੀ ।
ਘੂਰ ਕੇ ਲੰਘਦੇ ਜਾਂਦੇ ਲੋਕ।

ਬਾਗ਼ਾਂ ਵਿਚ ਜਦ ਕੋਇਲ ਬੋਲੇ,
ਸੁਣ ਕੇ ਨੱਚਣ-ਗਾਵਣ ਲੋਕ।

ਧਰਿਆ ਸੱਚ ਦੇ ਮਾਰਗ ਪੈਰ,
ਕੋਈ ਨਾ ਸਕਿਆ ਮੈਨੂੰ ਟੋਕ।

ਸਾਹ-ਸੱਤ ਹੀ ਸੁੱਕ ਜਾਂਦਾ ਹੈ,
ਜਦ ਚੁੱਭਦੀ ਬਰਛੀ ਦੀ ਨੋਕ।

******

**ਗ਼ਜ਼ਲ**

ਅੱਖੀਆਂ ਵਿਚੋਂ ਹੰਝੂ ਏਦਾਂ ਚੋਦੇ ਨੇਂ ।
ਬਾਰਸ਼ ਦੇ ਵਿਚ ਕੱਚੇ ਘਰ ਜਿਉਂ ਚੋਂਦੇ ਨੇ।

ਮੈਨੂੰ ਇਕ ਪਲ ਬਹਿਣ ਦਾ ਮੌਕਾ ਨਾ ਮਿਲਿਆ,
ਲੋਕੀਂ ਕਿੱਦਾਂ ਚਾਦਰ ਤਾਣ ਕੇ ਸੌਂਦੇ ਨੇ ?

ਅੰਦਰ ਝਾਤੀ ਮਾਰ ਕੇ ਤੱਕਣਾ ਔਖਾ ਹੈ,
ਮੈਲਾ ਕੱਪੜਾ ਮਲ-ਮਲ ਕੇ ਹੀ ਧੋਂਦੇ ਨੇ!

ਕਿਹੋ ਜਿਹੀ ਬਿਰਤੀ ਦੇ ਮਾਲਕ ਉਹ ਬੰਦੇ,
ਮਾਸੂਮਾਂ ਦੀਆਂ ਸੱਧਰਾਂ ਨੂੰ ਜੋ ਕੋਂਹਦੇ ਨੇ।

ਦੇਸ਼, ਧਰਮ ਤੇ ਕੌਮ ਨੂੰ ਵੇਚਣ ਲੁੱਕ-ਲੁੱਕ ਜੋ,
ਕੀ ਆਖੋਗੇ, ਉਹ ਵੀ ਨੇਤਾ ਹੁੰਦੇ ਨੇ ?

ਗ਼ਮ ਸਾਗਰ ਵੀ ਹੋ ਸਕਦਾ ਹੈ ਛਲਕ ਰਿਹਾ,
ਫੁੱਲਾਂ ਦੇ ਜੋ ਹੱਸ-ਹੱਸ ਹਾਰ ਪਰੋਂਦੇ ਨੇ।

********

## ਗ਼ਜ਼ਲ

ਸੱਚ ਝੂਠ ਵਿਚ ਅੰਤਰ ਕੀ ਹੈ ?
ਪਾਪ ਪੁੰਨ ਦੀ ਘੁੰਤਰ ਕੀ ਹੈ?

ਭੁੱਖੇ ਨੰਗੇ ਲੋਕਾਂ ਦੇ ਲਈ
ਦਸੋ,ਪਰਜਾਤੰਤਰ ਕੀ ਹੈ ?

ਗੱਦੀਆਂ ਦੇ ਨਾਲ ਚਿਮੜਨ ਵਾਲਾ,
ਤੇਰਾ ਇਹ ਸ਼ੜਯੰਤਰ ਕੀ ਹੈ ?

ਸਾਦ-ਮੁਰਾਦੇ ਲੋਕਾਂ ਦੇ ਲਈ,
ਵੱਲ-ਛੱਲ ਵਾਲੀ ਬਣਤਰ ਕੀ ਹੈ ?

ਖਿੰਡਿਆ ਹੋਇਆ ਜੋ ਖੰਡਿਤ ਹੈ,
ਉਹਦੇ ਲਈ ਨਿਰਅੰਤਰ ਕੀ ਹੈ ?

ਮੈਂ ਨਾਰੀ ਹਾਂ ਏਸ ਦੌਰ ਦੀ,
ਫਿਰ ਇਹ ਜੰਤਰ-ਮੰਤਰ ਕੀ ਹੈ ?

ਨਾੜੀ ਵੇਖ ਕੇ ਰੋਗ ਨਾ ਸਮਝੇ,
ਉਹ ਫਿਰ ਵੈਦ ਧਨੰਤਰ ਕੀ ਹੈ?

********

## ਗ਼ਜ਼ਲ

ਬੇਕਦਰਾਂ ਦੀ ਦੁਨੀਆਂ ਅੰਦਰ ਰਹਿੰਦੀ ਹੈ।
ਪਰਿਵੇਸ਼ ਦਾ ਸਾਰਾ ਦੁੱਖ-ਸੁੱਖ ਸਹਿੰਦੀ ਹੈ।

ਵਾਂਗ ਤਮਾਸ਼ਾ ਅੱਖਾਂ ਖੋਲ੍ਹ ਕੇ ਵੇਖ ਰਹੀ,
ਚੁੱਪ ਰਹਿੰਦੀ ਪਰ ਮੂੰਹ ਤੋਂ ਕੁੱਝ ਨਾ ਕਹਿੰਦੀ ਹੈ।

ਗੁੰਦੇ ਸਿਰ ਤੇ ਹੱਥ ਫੇਰਨਾ ਸੌਖਾ ਹੈ,
ਲੋੜ ਹੋਵੇ ਤਾਂ ਪਿੱਛੇ-ਪਿੱਛੇ ਰਹਿੰਦੀ ਹੈ।

ਪਰਿਵੇਸ਼ ਤੋਂ ਸਹਿਮ ਗਈ ਹੈ ਉਹ ਇਤਨੀ
ਅਪਣੇ ਹੀ ਘਰ ਅੰਦਰ ਛੁੱਪ ਕੇ ਰਹਿੰਦੀ ਹੈ।

ਝੱਖੜ, ਨੇਰ੍ਹੀ, ਬੱਦਲ ਉਹਦੇ ਸਾਥੀ ਨੇ,
ਨਦੀ ਕਿਨਾਰੇ ਰੁੱਖ ਦੇ ਵਾਂਗੂੰ ਰਹਿੰਦੀ ਹੈ।

ਉਸ ਨੇ ਆਪਣੀ ਜੀਭ ਨੂੰ ਤਾਲਾ ਲਾਇਆ ਹੈ,
ਸਮਝ ਰਹੀ ਹੈ ਸਭ ਕੁੱਝ, ਕੁੱਝ ਨਾ ਕਹਿੰਦੀ ਹੈ।

*******

## ਗ਼ਜ਼ਲ

ਸਮੇਂ ਦਾ ਪੁੱਛਣਾ ਕੀ ਹਾਲ ?
ਬੰਦਿਆਂ ਦੀ ਵੀ ਵਿਗੜੀ ਚਾਲ।

ਧੱਕੇ-ਮੁੱਕੇ ਮਾਰ-ਮਾਰ ਕੇ,
ਹੋਏ ਨੇ ਹਾਲੋਂ ਬੇਹਾਲ ।

ਮਿੱਟੀ ਦੇ ਵਿਚ ਰੁਲਦੇ-ਫਿਰਦੇ,
ਸਾਰਾ ਜੀਵਨ ਦਿੱਤਾ ਗਾਲ।

ਕੀਕਣ ਆਖਾਂ ਬੰਦੇ ਨੇ ਇਹ ?
ਸਾਂਝ ਨਹੀਂ ਜੇ ਬੰਦਿਆਂ ਨਾਲ।

ਆਪਣਾ-ਆਪਣਾ ਆਖ-ਆਖ ਕੇ,
ਲੈ ਜਾਂਦੇ ਦੂਜੇ ਦਾ ਮਾਲ।

ਨਾਰ੍ਹੇ ਲਾ ਕੇ ਦੇਸ਼ ਪ੍ਰੇਮ ਦੇ,
ਰਿੰਨ੍ਹ ਰਹੇ ਪਰ, ਆਪਣੀ ਦਾਲ।

ਇਕੋ ਹੀ ਚਿੰਤਾ ਵਿਚ ਡੁੱਬਿਆ
ਖਵਰੇ ਕਿਤਨੇ ਲੰਘ ਗਏ ਸਾਲ?

********

## ਗ਼ਜ਼ਲ

ਅਣਹੋਣੀ ਜਿਹੀ ਗੱਲ ਨਾ ਕਰ ।
ਕੱਚੇ ਘੜੇ 'ਤੇ ਨਾ ਤਰ ।

ਤੂੰ ਸੋਹਣੀ ਹੈਂ ਅੱਜ ਦੇ ਜੁੱਗ ਦੀ
ਉਸ ਸੋਹਣੀ ਦੀ ਰੀਸ ਨਾ ਕਰ।

ਜੇ ਸੱਸੀ ਨੂੰ ਥਲ ਨਾ ਖਾਂਦੇ,
ਪੁੱਜ ਹੀ ਜਾਂਦੀ ਪੁੰਨੂੰ ਦੇ ਘਰ।

ਰਾਂਝੇ ਦੀ ਕੋਈ ਵਾਹ ਜੇ ਹੁੰਦੀ
ਹੀਰ ਨੂੰ ਦੇਂਦੇ ਹੱਥੀਂ ਵਰ ।

ਮੇਰੇ ਜੁੱਗ ਦੀ ਸਾਹਿਬਾਂ ਕਹਿੰਦੀ
ਮਿਰਜ਼ੇ ਦੀ ਤੂੰ ਗੱਲ ਨਾ ਕਰ।

ਮੱਧ ਕਾਲ ਦੀਆਂ ਮਿੱਥਾਂ ਬਾਰੇ
ਸੋਚ - ਸੋਚ ਨਾ ਮਰ !

******

## ਗ਼ਜ਼ਲ

ਸ਼ਬਦਾਂ ਦੇ ਜੰਗਲ 'ਚੋਂ ਕੋਈ, ਅਰਥ ਢੂੰਡਦੀ ਰਹਿੰਦੀ ਹੈ।
ਸੋਚਾਂ ਦੇ ਸਾਗਰ ਦੇ ਵਿਚ ਉਹ, ਤਰਦੀ ਡੁੱਬਦੀ ਰਹਿੰਦੀ ਹੈ।

ਕਦੋਂ, ਕਿਵੇਂ ਤੇ ਕਿੱਦਾਂ ਹੋਈ, ਖ਼ਬਰ ਨਾ ਲੱਗੀ ਮੈਨੂੰ ਕੋਈ,
ਕਿੱਦਾਂ ਸੜੀ ਉਹ ਵਕਤ ਦੀ ਮਾਰੀ, ਯਾਦ ਸਤਾਉਂਦੀ ਰਹਿੰਦੀ ਹੈ।

ਸੋਚਾਂ ਦਾ ਹੁਣ ਅਰਥ ਨਾ ਕੋਈ, ਹਰ ਇਕ ਸੋਚ ਨਿਰਅਰਥਕ ਹੋਈ,
ਇਸੇ ਤਾਣੇ ਪੇਟੇ ਵਿਚ ਉਹ, ਹਰ ਦਮ ਉਲਝੀ ਰਹਿੰਦੀ ਹੈ।

ਏਸ ਨਦੀ ਦਾ ਪਾਣੀ ਡੂੰਘਾ, ਨਾ ਬੇੜੀ ਨਾ ਚੱਪੂ ਏਥੇ,
ਡੂੰਘੀ ਤੇਜ਼ ਧਾਰ ਵਿਚ ਉਹ ਤਾਂ, ਗੋਤੇ ਖਾਂਦੀ ਰਹਿੰਦੀ ਹੈ।

ਨਾ ਮੰਜ਼ਿਲ ਨਾ ਕੋਈ ਠਿਕਾਨਾ, ਕਿਥੋਂ ਟੁਰੀ ਤੇ ਕਿੱਥੇ ਜਾਣਾ,
ਭੰਵਰ ਵਾਂਗ ਉਹ ਚੱਕਰ ਖਾਂਦੀ, ਕਦੇ ਨਾ ਟਿਕ ਕੇ ਬਹਿੰਦੀ ਹੈ।

ਉਸ ਨੂੰ ਹੈ ਸਮਝਾਣਾ ਔਖਾ, ਉਸ ਨੂੰ ਹੈ ਭਰਮਾਣਾ ਔਖਾ,
ਵਾ-ਵਰੋਲੇ ਵਾਂਗੂੰ ਹਰ ਗੱਲ, ਮਨ ਨਾਲ ਖਹਿੰਦੀ ਰਹਿੰਦੀ ਹੈ।

*******

## ਗ਼ਜ਼ਲ

ਆਪਣੀ ਸੇਵਾ ਆਪ ਕਰੋ ਹੁਣ ਐਸਾ ਵੇਲਾ ਆਇਆ ਹੈ।
ਕੋਈ ਕਿਸੇ ਦੀ ਗੱਲ ਨਾ ਸੁਣਦਾ ਭਾਵੇਂ ਮਾਂ-ਪਿਉ ਜਾਇਆ ਹੈ।

ਮੇਰੇ ਮਨ ਵਿਚ ਹਰ ਵੇਲੇ ਇਹ ਸੋਚ ਦੌੜਦੀ ਰਹਿੰਦੀ ਹੈ,
ਰਿਸ਼ਤੇ ਵਿਚੋਂ ਵੱਡਾ ਕਿਹੜਾ, ਮਾਇਆ ਹੈ ਕਿ ਤਾਇਆ ਹੈ?

ਹਾਰੇ ਹੰਭੇ ਲੋਕਾਂ ਅੰਦਰ ਮੈਂ ਨਹੀਂ ਸ਼ਾਮਲ ਹੋਵਾਂਗੀ,
ਅੱਧ-ਪਚੱਧੀ ਆਸ਼ਾ ਨੇ ਅੱਜ ਮੈਨੂੰ ਇਹ ਸਮਝਾਇਆ ਹੈ।

ਸਾਡੀ ਗਲੀ ਦੀ ਨੁੱਕਰ ਉੱਤੇ, ਇੱਲ ਬੈਠੇ ਜਾਂ ਕਾਂ ਬੋਲੇ,
ਨਿਰਅਰਥੀ ਜਿਹੀ ਗੱਲ ਨੇ ਫਿਰ ਵੀ ਲੋਕਾਂ ਨੂੰ ਭਰਮਾਇਆ ਹੈ।

ਆਪਣੇ-ਆਪਣੇ ਜਾਲ ਦੇ ਅੰਦਰ ਹਰ ਕੋਈ ਫ਼ਸਿਆ ਬੈਠਾ ਹੈ,
ਮਨ ਮਕੜੀ ਨੇ ਹਰ ਇਕ ਅੰਦਰ ਅਦਭੁਤ ਜਾਲ ਰਚਾਇਆ ਹੈ।

********

## ਗ਼ਜ਼ਲ

ਕਛੂਏ ਵਾਂਗੂੰ ਰੀਂਗਦਾ ਹੈ ਆਦਮੀ।
ਹਿਰਣ ਵਾਂਗੂੰ ਦੌੜਦਾ ਹੈ ਆਦਮੀ।

ਘੋੜਿਆਂ ਦੀ ਚਾਲ ਤੋਂ ਵੀ ਤੇਜ਼ ਹੈ,
ਇਸ ਮਸ਼ੀਨੀ ਦੌਰ ਦਾ ਇਹ ਆਦਮੀ!

ਆਪਣੇ ਹੀ ਹਾਲ ਤੋਂ ਪਰੇਸ਼ਾਨ ਹੈ,
ਮਾਰੂਥਲ ਵਿਚ ਸੜ ਰਿਹਾ ਇਹ ਆਦਮੀ!

ਸੱਚ ਤੋਂ ਮੁੱਖ ਮੋੜਿਆ ਇਨਸਾਨ ਨੇ,
ਚੁੱਕੀ ਫ਼ਿਰਦਾ ਝੂਠ ਹੈ ਇਹ ਆਦਮੀ।

ਜ਼ਹਿਰ ਵਾਂਗੂੰ ਕੌੜੀ ਹੈ ਇਹ ਜ਼ਿੰਦਗੀ,
ਅੰਮ੍ਰਿਤ ਸਮਝ ਕੇ ਪੀ ਰਿਹਾ ਇਹ ਆਦਮੀ!

ਜਾਣਦੇ ਹਾਂ ਨਾਸ਼ਮਾਨ ਸੰਸਾਰ ਹੈ,
ਕਿਉਂ ਲੋਭ ਅੰਦਰ ਫੱਸ ਗਿਆ ਇਹ ਆਦਮੀ?

********

## ਗ਼ਜ਼ਲ

ਇਹ ਦੁਨੀਆਂ ਹੈ ਗੋਰਖ ਧੰਦਾ।
ਹਰ ਪਲ ਜਾਪੇ ਮੌਤ ਦਾ ਫੰਧਾ।

ਕਿਰਤ ਦੀ ਆਦਤ ਗਈ ਗੁਆਚੀ,
ਚਾਰੇ-ਪਾਸੇ ਕਾਲਾ ਧੰਦਾ।

ਸੱਧਰਾਂ ਦਾ ਸੂਰਜ ਹੈ ਡੁੱਬਾ,
ਫਿਰ ਕਿਉਂ ਜੀਂਦਾ ਰਹਿੰਦਾ ਬੰਦਾ ?

ਆਸ਼ਾ ਦਾ ਜੇ ਅੰਤ ਨਿਰਾਸ਼ਾ,
(ਤਾਂ) ਕਿਹੜੇ ਖੂਹ 'ਚ ਡਿੱਗੇ ਬੰਦਾ ?

ਵਿੰਗੇ ਕੌੜੇ ਖਰਵੇਂ ਸੱਚ ਤੇ,
ਨਵੀਂ ਆਸ ਦਾ ਫੇਰੋ ਰੰਦਾ।

ਕਰਮ ਖੇਤਰ ਨੂੰ ਫਿਰ ਲਲਕਾਰੋ,
ਭਾਗਾਂ ਨੂੰ ਨਾਂਹ ਆਖੋ ਮੰਦਾ।

ਉਸ ਚਿਹਰੇ ਨੂੰ ਨੰਗਾ ਕਰੀਏ,
ਜਿਸ ਪ੍ਰਬੰਧ ਨੂੰ ਕੀਤਾ ਗੰਦਾ।

********

## ਗ਼ਜ਼ਲ

ਸੱਤਰੰਗੀ ਮੈਂ ਪੀਂਘ ਹੁਲਾਰੇ ਖਾਂਦੀ ਹਾਂ।
ਬੱਦਲ ਬਣ ਕੇ ਅਰਸ਼ੀਂ ਉੱਡਦੀ ਜਾਂਦੀ ਹਾਂ।

ਮਨ ਤਰੰਗ ਨੂੰ ਸਾਂਭ ਕੇ ਰੱਖਣਾ ਔਖਾ ਹੈ,
ਬਿਜਲੀ ਬਣ ਕੇ ਮੈਂ ਲਿਸ਼ਕਾਰੇ ਖਾਂਦੀ ਹਾਂ।

ਹਰ ਨਜ਼ਾਰਾ ਕੁਦਰਤ ਦਾ ਮਨ ਮੋਹਦਾ ਹੈ,
ਵੇਖ-ਵੇਖ ਕੇ ਮਨ ਹੀ ਮਨ ਮੁਸਕਾਂਦੀ ਹਾਂ।

ਮਖ਼ਮਲ ਵਰਗੀ ਇਸ ਧਰਤੀ ਦੇ ਸੀਨੇ ਤੋਂ,
ਮਾਂ ਦੀ ਮਮਤਾ ਵਰਗਾ ਸੁੱਖ ਮੈਂ ਪਾਂਦੀ ਹਾਂ।

ਅਨਹਦ-ਨਾਦ ਹੈ ਵੱਜਿਆ ਮੇਰੇ ਅੰਦਰ ਹੁਣ
ਅਣ-ਅਖਰਾ ਜਿਉਂ ਸ਼ਬਦ ਮੈਂ ਕੋਈ ਗਾਂਦੀ ਹਾਂ।

ਆਸੇ-ਪਾਸੇ ਜਦ ਵੀ ਮਚਦਾ ਸ਼ੋਰ ਕੋਈ,
ਅਪਣੇ ਘਰ ਵਿਚ ਬੈਠੀ ਵੀ ਘਬਰਾਂਦੀ ਹਾਂ।

*******

## ਗ਼ਜ਼ਲ

ਆਪੇ ਲਿਖਾਂ ਤੇ ਆਪੇ ਗਾਵਾਂ
ਸਹਿਜ ਰੂਪ ਇਹ ਗੱਲ ਸੁਣਾਵਾਂ।

ਮਿੱਤਰ ਪਿਆਰੇ ਨੂੰ ਮੈਂ ਦਿੱਤਾ,
ਬਾਬਲ ਦੇ ਘਰ ਦਾ ਸਰਨਾਵਾਂ।

ਵਾੜ ਜੋ ਲਾਈ ਖੇਤ ਦੀ ਰਾਖੀ,
ਉਸ ਨੂੰ ਪੁੱਟ ਕਿਵੇਂ ਮੈਂ ਖਾਵਾਂ?

ਬੈਠ ਬਨੇਰੇ ਕਾਂ ਜਦ ਬੋਲੇ,
ਜਾ ਕੇ ਉਸ ਨੂੰ ਆਪ ਉਡਾਵਾਂ,।

ਮੋਹ ਦੀ ਉਸ ਸੀਮਾ ਤੇ ਬੈਠੀ,
ਤੇਰੀ ਆਈ ਮੈਂ ਮਰ ਜਾਵਾਂ।

ਗਿੱਲਾ ਬਾਲਣ ਬਾਲ-ਬਾਲ ਕੇ,
ਚੁੱਲ੍ਹਾ, ਕਦੇ ਤੰਦੂਰ ਤਪਾਵਾਂ।

ਰੰਗ-ਬਿਰੰਗੀਆਂ ਲੀਰਾਂ ਲੈ ਕੇ,
ਖੇਡ-ਖੇਡ ਕੇ ਮਨ ਪ੍ਰਚਾਵਾਂ।

*******

# ਭਾਗ ਦੂਜਾ

## ਸੰਸਕਾਰ ਤੇ ਚੇਤਨਾ ਦਾ ਯੁੱਧ

ਯਾਦਾਂ ਦੇ ਘੇਰੇ
ਘੇਰ ਲੈਂਦੇ ਨੇ ਅਕਸਰ
ਮੈਨੂੰ ਇਕਾਂਤ ਵਿਚ।
ਜਦੋਂ ਵੀ ਮੈਂ ਲੋਚਦੀ ਹਾਂ
ਕਿ ਚੁੱਲ੍ਹੇ-ਚੌਂਕੇ ਤੋਂ ਬਾਹਰ ਵੀ
ਵਿਸ਼ਾਲ ਕਾਰਜ-ਖੇਤਰ ਹੈ
ਉਦੋਂ ਹੀ ਸੰਸਕਾਰਾਂ ਵਿਚ ਢਲੀਆਂ ਯਾਦਾਂ
ਛਾਂ ਜਾਂਦੀਆਂ ਨੇ ਮੇਰੇ ਦਿਲ-ਦਿਮਾਗ਼ 'ਤੇ!
ਜਦੋਂ ਕੁਝ ਪਲਾਂ ਮਗਰੋਂ ਉਨ੍ਹਾਂ ਘੇਰਿਆਂ ਦੀ
ਵਲਗਣ ਵਿਚੋਂ ਬਾਹਰ ਨਿਕਲ ਕੇ
ਵਰਤਮਾਨ ਚੇਤਨਾ ਦੇ ਖੰਭਾਂ ਤੇ ਸਵਾਰ ਹੋ ਕੇ
ਭਰਦੀ ਹਾਂ ਉਡਾਰੀ
ਤਾਂ ਕਿਸੇ ਅਗਿਆਤ ਭੈਅ ਤੋਂ ਕੰਬਦੀ ਹੋਈ
ਚੂਰ-ਚੂਰ ਹੋ ਜਾਂਦੀ ਹਾਂ ਧਰਤੀ ਤੇ ਡਿੱਗ ਕੇ !
ਜਿਵੇਂ ਸ਼ੀਸ਼ਾ ਟੁੱਟ ਕੇ ਚੂਰ-ਚੂਰ ਹੋ ਕੇ ਖਿੰਡਰ ਜਾਂਦਾ ਹੈ
ਅਤੇ ਮੈਂ ਇੰਜ ਮਹਿਸੂਸ ਕਰਦੀ ਹਾਂ
ਕਿ ਇਨ੍ਹਾਂ ਕਿਰਚਾਂ 'ਤੇ ਤੁਰਦੀ-ਤੁਰਦੀ
ਹੋ ਗਈ ਹਾਂ ਮੈਂ ਵੀ ਲਹੂ-ਲੁਹਾਣ
ਸੰਸਕਾਰਾਂ ਤੇ ਚੇਤਨਾ ਦੀ ਜੰਗ ਵਿਚ ਜੂਝ ਰਹੀ ਹਰ ਔਰਤ ਵਾਂਗ।

******

## ਮਾਏ ਨੀ! ਮੈਨੂੰ ਨੀਂਦ ਨਾ ਆਵੇ

ਮਾਏ ਨੀ! ਮੈਨੂੰ ਨੀਂਦ ਨਾ ਆਵੇ,
ਦਿਨ ਲੰਘਦਾ ਏ ਸੋਚਾਂ ਦੇ ਵਿਚ,
ਰਾਤ ਮਰਸੀਆ ਗਾਵੇ,
ਮਾਏ ਨੀ! ਮੈਨੂੰ ਨੀਂਦ ਨਾ ਆਵੇ।
ਜਿਹੜੀ ਰੁੱਤੇ ਔਰਤ ਜੰਮੀ,
ਉਹ ਰੁੱਤ ਫਿਰ ਨਾ ਆਵੇ,
ਮਾਏ ਨੀ! ਮੈਨੂੰ ਨੀਂਦ ਨਾ ਆਵੇ।
ਅਜ਼ਲਾਂ ਤੋ ਕਿਉਂ ਜਾਗ ਰਹੀ ਹੈ
ਸਮਝ ਨਾ ਸਾਨੂੰ ਆਵੇ,
ਮਾਏ ਨੀ! ਮੈਨੂੰ ਨੀਂਦ ਨਾ ਆਵੇ।
ਸਬਰ-ਸ਼ੁਕਰ ਦਾ ਪਾਣੀ ਪੀਂਦੀ
ਦਿਲ ਵਿਚ ਭਰਦੀ ਹਾਵੇ,
ਮਾਏ ਨੀ! ਮੈਨੂੰ ਨੀਂਦ ਨਾ ਆਵੇ।
ਕੰਨਾਂ ਦੇ ਵਿਚ ਮਿਸ਼ਰੀ ਵਰਗੀ,
ਕੋਈ ਆ ਕੇ ਲੋਰੀ ਗਾਵੇ,
ਮਾਏ ਨੀ! ਮੈਨੂੰ ਨੀਂਦ ਨਾ ਆਵੇ।
ਦਿਨ ਲੰਘਦੇ ਨੇ ਚਿੰਤਾ ਦੇ ਵਿਚ,
ਰਾਤ ਗ਼ਮਾਂ ਦੀ ਖਾਵੇ,
ਮਾਏ ਨੀ! ਮੈਨੂੰ ਨੀਂਦ ਨਾ ਆਵੇ।

******

## ਔਰਤ ਦਾ ਸਦੀਵੀ ਸੰਤਾਪ

ਜਦੋਂ ਵੀ ਕਿੱਧਰੇ

ਵਾਪਰਦੀ ਹੈ ਕੋਈ ਦੁਰਘਟਨਾ

ਉਜੜਦਾ ਹੈ ਕੋਈ ਵੀ ਘਰ

ਤਾਂ ਡਿੱਗਦੀ ਹੈ ਬਿਜਲੀ

ਔਰਤ ਦੇ ਹੀ ਸਿਰ 'ਤੇ।

ਔਰਤ ਨੂੰ ਹੀ ਭੋਗਣਾ ਪੈਂਦਾ ਹੈ

ਸੰਸਾਰ ਵਿਚ ਵਾਪਰ ਰਹੀ ਹਰ

ਘਟਨਾ ਦਾ ਅੰਜਾਮ !

ਇਹੀ ਤਾਂ ਹਰ ਔਰਤ ਦਾ ਸੰਤਾਪ ਹੈ!

ਉਦੋਂ ਮਹਿਸੂਸ ਹੁੰਦਾ ਹੈ।

ਕਿ ਉਸ ਦੇ ਹਿੱਸੇ ਦੀ ਧਰਤੀ ਫੱਟ ਗਈ ਹੈ ?

ਤੇ ਉਹ ਸਗਲੀ ਦੀ ਸਗਲੀ

ਸਮਾ ਗਈ ਹੈ ਫੱਟੀ ਹੋਈ ਧਰਤੀ ਵਿੱਚ!

ਸੋਚਦੀ ਹਾਂ

ਕਿ ਦੁਆਪਰ ਵਿਚ

ਸੀਤਾ ਮਾਤਾ ਧਰਤੀ ਵਿਚ ਸਮਾਈ ਸੀ

ਤੇ ਉਹ ਇਕ ਇਤਿਹਾਸ ਬਣ ਗਈ।

ਪਰ ਹੁਣ ਹਰ ਰੋਜ਼ ਧਰਤੀ ਫੱਟਦੀ ਹੈ।

ਦਫ਼ਨ ਹੋ ਜਾਂਦੀਆਂ ਨੇ ਧੀਆਂ, ਭੈਣਾਂ ਤੇ ਮਾਵਾਂ,

ਜਿਨ੍ਹਾਂ ਦਾ ਕੋਈ ਇਤਿਹਾਸ ਨਹੀਂ

ਅਤੇ ਨਾ ਹੀ ਕੋਈ ਇਤਿਹਾਸਕਾਰ!

******

## ਭੁੱਖੀ ਨੀਤ

ਅਨਿਸ਼ਚਿਤ ਭਵਿੱਖ ਹੈ

ਇਸ ਦੌਰ ਦਾ

ਇਸ ਸਮੇਂ ਦਾ

ਸਮੁੱਚੀ ਪੀੜਤ ਤੇ ਸ਼ੋਸ਼ਿਤ ਧਿਰ ਦਾ

ਜੋ ਅਣਆਈ ਮੌਤੇ ਮਰ ਰਹੀ ਹੈ

ਜੋ ਅਣਕਿਆਸੇ ਸਦਮੇ ਜਰ ਰਹੀ ਹੈ

ਘਰਾਂ ਦੇ ਘਰ ਉਜੜ ਰਹੇ ਹਨ।

ਬਾਹਵਾ ਟੁੱਟ ਰਹੀਆਂ ਹਨ

ਚੂੜੇ ਭੱਜ ਰਹੇ ਹਨ

ਬੱਚੇ ਬਿਲਖ ਰਹੇ ਹਨ

ਨਾ ਦਰ ਹੈ, ਨਾ ਘਰ ਹੈ

ਨਾ ਵਰਤਮਾਨ ਹੈ, ਨਾ ਭਵਿੱਖ ਹੈ

ਕੁਝ ਵੀ ਤਾਂ ਨਿਸ਼ਚਿਤ ਨਹੀਂ..........।

ਤਾਂ ਵੀ ਹੈਰਾਨੀ ਹੈ ਕਿ-

ਲੋਕ ਉਸਾਰੀ ਜਾ ਰਹੇ ਨੇ ਚੁਬਾਰੇ

ਚੁਬਾਰਿਆਂ ਤੇ ਚੁਬਾਰੇ

ਉੱਚੇ, ਹੋਰ ਉੱਚੇ ਹੋਰ ਉੱਚੇ

ਭੁੱਖੀ ਨੀਤ ਰੱਜ ਹੀ ਨਹੀਂ ਸਕਦੀ

ਸਗਲੀ ਸਰਿਸ਼ਟੀ ਨੂੰ ਨਿਗਲ ਕੇ ਵੀ।

********

## ਚੌਰਸਤੇ

ਅੱਜ ਮੈਂ ਇਕ ਅਜਿਹੇ ਚੌਰਸਤੇ 'ਤੇ ਖੜੀ
ਸੋਚੀਂ ਪੈ ਗਈ ਹਾਂ
ਕਿ ਕਿਹੜੀ ਸੜਕ ਵੱਲ ਮੁੜਾਂ ?
ਕਿਉਂਕਿ ਹਰ ਸੜਕ ਦਾ ਸਫ਼ਰ
ਦਿਸ਼ਾਹੀਣ ਜਿਹੀ ਭਟਕਣ ਬਣ ਕੇ
ਜ਼ਿਹਨ ਵਿਚ ਉਭਰਦਾ ਹੈ।
ਸਮਝ ਨਹੀਂ ਆਉਂਦੀ
ਕਿ ਔਰਤ ਲਈ ਇਸ ਸਮਾਜ ਦੀ ਸਥਿਤੀ
ਚੌਰਸਤੇ ਵਾਂਗ ਕਿਉਂ ਹੈ ?
ਹਰ ਦਿਸ਼ਾ ਵਿਚ ਸਫ਼ਲਤਾ ਪ੍ਰਾਪਤ ਕਰਨ ਦੀ
ਸਮਰੱਥਾ ਦੇ ਬਾਵਜੂਦ
ਕਦਮ-ਕਦਮ ਤੇ ਉਸ ਦੇ ਆਤਮ-ਵਿਸ਼ਵਾਸ ਨੂੰ
ਕਿਉਂ ਖੋਹ ਲਿਆ ਜਾਂਦਾ ਹੈ ?
ਪੜ੍ਹ-ਲਿਖ ਕੇ ਵੀ
ਆਤਮ-ਸਨਮਾਨ ਨੂੰ ਮਹਿਸੂਸ ਕਰਦੀ ਹੋਈ ਵੀ-

ਕਿਉਂ ਵੇਖਦੀ ਹੀ ਰਹਿ ਜਾਂਦੀ ਹੈ

ਨਿਤ ਦਿਹਾੜੇ ਵਾਪਰ ਰਹੀਆਂ

ਲਗਾਤਾਰ ਵਾਪਰ ਰਹੀਆਂ

ਨਿੱਤ-ਨਵੀਆਂ ਘਟਨਾਵਾਂ

ਨਿੱਤ-ਨਵੇਂ ਲਾਰੇ

ਨਿੱਤ ਨਵੇਂ ਸਹਾਰੇ!

******

## ਜ਼ਿੰਦਗੀ-ਦਰ-ਜ਼ਿੰਦਗੀ

ਜ਼ਿੰਦਗੀ-

ਕਦੀ ਪੱਤਝੜ ਵਾਂਗ ਸੁੱਕੀ ਤੇ ਪੀਲੀ

ਕਦੀ ਸ਼ਮਸ਼ਾਨ ਵਾਂਗ ਚੁੱਪ ਤੇ ਉਦਾਸ

ਕਦੀ ਉਜਲੀ, ਨਿਖ਼ਰੀ ਬਸੰਤ ਜਿਹੀ ਮਹਿਕਦੀ ਹੋਈ

ਕਦੀ ਹਨ੍ਹੇਰੀ, ਕਦੀ ਵਰਖਾ ਕਦੀ ਤੂਫ਼ਾਨ

ਕਦੀ ਸਹਿਜ, ਸਪਸ਼ਟ, ਸਿੱਧੀ, ਸਰਲ ਰੇਖਾ ਜਿਹੀ

ਕਦੀ ਕੁੰਠਿਤ, ਅਸਪਸ਼ਟ, ਇਕ ਗੁੰਝਲਦਾਰ ਪਹੇਲੀ,

ਕਦੀ ਸਵਰਗ ਵਾਂਗ ਸੁਖਦਾਈ !

ਕਦੀ ਨਰਕ ਵਾਂਗ ਦੁਖਦਾਈ!!

ਇੰਜ ਹਰ ਜ਼ਿੰਦਗੀ-

ਆਪਣੀ ਹੀ ਜ਼ਿੰਦਗੀ ਵਿਚ ਉਲਝੀ, ਸੁੰਗੜੀ, ਮੁਕਤ, ਨਿਰਲੇਪ

ਜਿਉਂਦੀ ਜਾ ਰਹੀ ਹੈ

ਪੱਤਝੜ ਵਾਂਗ, ਝੜੀ-ਝੜੀ

ਬਸੰਤ ਵਾਂਗ, ਖਿੜੀ-ਖਿੜੀ!

******

## ਚੋਟ, ਚੋਟ ਦਾ ਫ਼ਰਕ

ਪਤਾ ਨਹੀਂ ਅਸੀਂ ਹੁਣ ਤੱਕ
ਕਿੰਨੀ ਵਾਰ ਡਿੱਗੀਆਂ ਹਾਂ
ਤੇ ਕਿੰਨੀਆਂ ਹੀ ਚੋਟਾਂ ਖਾਧੀਆਂ ਨੇ!
ਉਨ੍ਹਾਂ ਚੋਟਾਂ ਦਾ ਕੋਈ ਵੀ ਨਿਸ਼ਾਨ
ਅਜੇ ਤੱਕ ਨਹੀਂ ਦਿਸਿਆ ਆਪਣੇ ਸਰੀਰ ਤੇ
ਲੱਭਣ ਦੀ ਕੋਸ਼ਿਸ਼ ਤੋਂ ਬਾਅਦ ਵੀ।
ਨਾ ਕੋਈ ਨਿਸ਼ਾਨ ਮਿਲਿਆ ਤੇ ਨਾ ਹੀ ਕੋਈ ਯਾਦ ਆਈ।
ਪਰ ਅੱਜ ਮੈਨੂੰ ਇਕ ਅਜਿਹੀ ਚੋਟ ਦਾ ਅਹਿਸਾਸ ਹੋਇਆ
ਜਿਹੜੀ ਮੇਰੇ ਅੰਦਰ ਤੀਰ ਵਾਂਗ ਚੁੱਭ ਕੇ
ਮੇਰੇ ਆਤਮ-ਸਨਮਾਨ ਨੂੰ
ਲਗਾਤਾਰ ਜ਼ਖ਼ਮੀ ਕਰ ਰਹੀ ਹੈ
ਅਤੇ ਮੈਂ-
ਲਗਾਤਾਰ ਸੰਘਰਸ਼-ਸ਼ੀਲ ਹੋ ਕੇ :
ਉਸ ਮੰਜ਼ਿਲ ਤੱਕ ਪੁੱਜ ਕੇ ਵੀ
ਆਪਣੀ ਉਸ ਚੋਟ ਨੂੰ ਭੁਲਾ ਨਹੀਂ ਸਕੀ।

ਸੋਚਦੀ ਹਾਂ ਕਿ

ਚੋਟ, ਚੋਣ ਵਿਚ ਵੀ

ਕਿਤਨਾ ਹੀ ਅੰਤਰ ਹੁੰਦਾ ਹੈ!

ਕੋਈ ਯਾਦ ਕਰਨ ਤੇ ਵੀ

ਯਾਦ ਨਹੀਂ ਆਉਂਦੀ

ਤੇ

ਕੋਈ ਭੁੱਲਣ ਦੀ ਕੋਸ਼ਿਸ਼ ਕਰਨ ਤੇ ਵੀ

ਨਹੀਂ ਭੁੱਲਦੀ।

********

## ਸੋਗ ਦੇ ਵਸਤਰ

ਕਾਲੇ ਕੱਪੜਿਆਂ ਵਿਚ ਸਿਮਟੀ, ਬੁੱਤ ਵਾਂਗ ਉਹ

ਮੇਰੇ ਵੱਲ ਤੁਰੀ ਆ ਰਹੀ ਸੀ ਸਹਿਜੇ-ਸਹਿਜੇ।

ਉਸ ਨੂੰ ਵੇਖ ਕੇ ਡਰ ਹੀ ਤਾਂ ਗਈ ਸੀ ਮੈਂ।

ਅਤੇ ਹੌਲੀ-ਹੌਲੀ

ਪਿੱਛੇ ਖਿਸਕਣ ਦੀ ਕੋਸ਼ਿਸ਼ ਵੀ ਕੀਤੀ ਸੀ।

ਪਰ ਅਚਾਨਕ ਉਸ ਨੇ

ਤੇਜ਼ ਕਦਮਾਂ ਨਾਲ ਮੇਰੇ ਨੇੜੇ ਆ ਕੇ, ਮੇਰਾ ਮੋਢਾ ਫ਼ੜ ਲਿਆ ਤੇ ਕਹਿਣ ਲੱਗੀ, ਡਰਦੀ ਕਿਉਂ ਏਂ ?

ਮੈਂ ਕੋਈ ਭੂਤ ਤੇ ਨਹੀਂ

ਮੈਂ ਤੇ ਸੋਗ ਦੇ ਕੱਪੜੇ ਪਾਏ ਨੇ

ਅੱਜ ਲੋੜ ਪੈ ਗਈ ਸੀ

ਘੜੀ ਕੁ ਲਈ,

ਸਿਆਪਾ ਜੁ ਕਰਨਾ ਸੀ।

ਤੇ ਫਿਰ ਉਹ ਜ਼ੋਰ-ਜ਼ੋਰ ਨਾਲ ਹੱਸਣ ਲੱਗ ਪਈ।

ਉਸ ਨੂੰ ਹੱਸਦੀ ਵੇਖ ਕੇ

ਮੈਂ ਹੱਕੀ-ਬੱਕੀ ਵੇਖਦੀ ਰਹਿ ਗਈ

ਕਦੇ ਉਸ ਦੇ ਮੂੰਹ ਵੱਲ!

ਕਦੇ ਉਸ ਦੇ ਕਾਲੇ ਮਾਤਮੀ ਕੱਪੜਿਆਂ ਵੱਲ!!

********

## ਸ਼ੁਭ-ਆਰੰਭ

ਅਜੇ ਚੰਗੀ ਤਰ੍ਹਾਂ ਨਾਲ

ਲੋਅ ਵੀ ਨਹੀਂ ਸੀ ਹੋਈ

ਕਿ-

ਮੇਰੇ ਕੰਨਾਂ ਵਿਚ

ਇਕ ਰੜਕਵੀਂ ਜਿਹੀ ਆਵਾਜ਼ ਪਈ

ਉੱਠ, ਦੇਰ ਹੋ ਰਹੀ ਏ............

.........................................

ਉੱਠਦੀ ਕਿਉਂ ਨਹੀਂ ?

ਗੋਡੇ-ਗੋਡੇ ਸੂਰਜ ਚੜ੍ਹ ਆਇਆ ਏ

ਤੇ ਇਹ ਸੁੱਤੀ ਪਈ ਏ ਚਾਦਰ ਤਾਣ ਕੇ!

ਵੱਡੇ ਨਵਾਬ ਦੀ ਧੀ ਨਾ ਹੋਵੇ ਤਾਂ!

ਮੈਂ ਤ੍ਰਬਕ ਕੇ ਉੱਠੀ

ਅਜੇ ਚੌਕਾ-ਚੁੱਲ੍ਹਾ ਸਾਂਭਿਆ ਹੀ ਸੀ,

ਕਿ ਉਹ ਹੱਥ ਵਿਚ ਛੰਨਾ ਲੈ ਕੇ

ਦੁੱਧ ਦੀ ਚਾਟੀ ਵੱਲ ਚਲਿਆ ਗਿਆ।

ਕਿਸੇ ਨਵਾਬ ਦਾ ਪੁੱਤਰ ਜੁ ਹੋਇਆ।

*******

## ਸੁਪਨਾ ਆਪਣੇ ਸ਼ਹਿਰ ਦਾ

ਰਾਤ ਸੁਪਨੇ ਵਿਚ ਮੈਂ ਉਹ ਸ਼ਹਿਰ ਵੇਖਿਆ

ਜਿੱਥੇ ਮੈਂ ਵੱਡੀ ਹੋਈ ਸੀ।

ਹਾਂ ! ਉਹੀ ਸ਼ਹਿਰ

ਜਿਸ ਦੇ ਚਾਰੇ-ਪਾਸੇ ਹਾਸੇ ਹੀ ਹਾਸੇ ਨਜ਼ਰ ਆਉਂਦੇ ਸੀ।

ਅੱਜ, ਪਤਾ ਨਹੀਂ ਕਿਉਂ ?

ਉਹ ਸ਼ਹਿਰ ਚੁੱਪ ਸੀ, ਖ਼ਾਮੋਸ਼ ਸੀ

ਉਸ ਦੇ ਚਾਰੇ-ਪਾਸੇ ਮਾਤਮ ਵਰਗੀ ਚੁੱਪ ਛਾਈ ਹੋਈ ਸੀ।

ਮੈਂ ਸਮਝ ਨਹੀਂ ਸਕੀ

ਆਪਣੇ ਉਸ ਸ਼ਹਿਰ ਦੀ ਉਦਾਸੀ ਦਾ ਕਾਰਣ ਕੀ ਸੀ ?

ਮੇਰੀ ਅਣਹੋਂਦ ਸੀ ?

ਜਾਂ ਲੋਕਾਂ ਦੀ ਭੀੜ ਸੀ ?

ਆਪਣਾ, ਆਪਣਾ ਹੀ ਹੁੰਦਾ ਹੈ ਭਾਵੇਂ ਉਹ ਸ਼ਹਿਰ ਹੋਵੇ ਜਾਂ ਘਰ।

********

## ਪ੍ਰਤੀਕ੍ਰਿਆ : ਇਕ ਸਥਿਤੀ

ਜਦੋਂ ਕਦੀ ਕੋਈ ਬੰਦਾ

ਬੇਧਿਅਨੇ ਜਿਹੇ

ਆਪਣੀ ਥਾਂ ਤੋਂ ਟੁਰੇ ਜਾਂ ਦੌੜੇ

ਤਾਂ ਉਹ ਠੋਕਰ ਵੀ ਖਾ ਸਕਦਾ ਹੈ।

ਮੂੰਹ ਭਾਰ ਡਿੱਗ ਕੇ ਦੰਦ ਵੀ ਤੁੜਵਾ ਸਕਦਾ ਹੈ।

ਉਦੋਂ ਉਹ,

'ਉਫ਼' ਕਰਕੇ ਹੀ ਚੁੱਪ ਰਹਿ ਜਾਂਦਾ ਹੈ

ਬਿਨਾਂ ਸ਼ਿਕਵੇ !

ਸ਼ਿਕਵਾ ਕਰੇ ਵੀ ਤਾਂ ਕਿਸ ਦੇ ਨਾਲ?

ਪਰ,

ਜਦੋਂ ਕੋਈ ਸੱਜਣ, ਦੁਸ਼ਮਣ ਜਾਂ ਨਾਵਾਕਿਫ ਬੰਦਾ

ਕਿਸੇ ਨੂੰ ਜਾਣ ਕੇ ਸੱਟ ਮਾਰਨ ਦੀ ਕੋਸ਼ਿਸ਼ ਕਰੇ

ਤਾਂ

ਉਹ ਚੀਖ਼ ਵੀ ਸਕਦਾ ਹੈ ;

ਉਸ ਦੀ ਗਿੱਚੀ ਵੀ ਮਰੋੜ ਸਕਦਾ ਹੈ

ਅਤੇ ਕੁਝ ਵੀ ਕਰ ਸਕਦਾ ਹੈ

ਉਤੇਜਿਤ ਹੋ ਕੇ ਜਾਂ ਫਿਰ ਸ਼ਾਂਤ ਰਹਿ ਕੇ,

ਜਾਂ ਗੁੱਸੇ ਵਿਚ ਲਾਲ ਪੀਲਾ ਹੋ ਕੇ!

ਪ੍ਰਤਿਕ੍ਰਿਆ ਦੇ ਹੋਰ ਵੀ ਕਈ ਰੂਪ ਹਨ, ਕਈ ਰੰਗ ਹਨ।

ਜਿਵੇਂ,

ਡਾਢਾ ਬੰਦਾ ਮਾਰ ਵੀ ਲੈਂਦਾ ਹੈ

ਤੇ ਰੋਣ ਵੀ ਨਹੀਂ ਦਿੰਦਾ

******

## ਪ੍ਰਕ੍ਰਿਤੀ ਅਤੇ ਮਨੁੱਖ

ਕਦੀ-ਕਦੀ

ਸੂਰਜ ਉਗਦਿਆਂ ਸਾਰ ਹੀ

ਧਰਤੀ ਨਵੀਂ ਵਹੁਟੀ ਵਾਂਗ ਸ਼ਿੰਗਾਰ ਕਰਦੀ ਹੈ

ਪ੍ਰਕ੍ਰਿਤੀ ਦੇ ਰੰਗ-ਬਿਰੰਗੇ ਫੁੱਲਾਂ ਨਾਲ, ਪੱਤਿਆਂ ਨਾਲ !

ਹਰ ਚੀਜ਼ ਸੋਹਣੀ-ਸੋਹਣੀ ਲੱਗਦੀ ਹੈ,

ਮਨ ਨੂੰ ਮੋਹਦੀ ਹੈ

ਮਿੱਠੀ-ਮਿੱਠੀ ਲੱਗਦੀ ਹੈ

ਚਿੜੀਆਂ ਦੀ ਚੀਂ-ਚੀਂ ਵੀ।

ਪਰ ਕਦੀ-ਕਦੀ

ਖੋਹ ਕੇ ਲੈ ਜਾਂਦਾ ਹੈ ਸੂਰਜ

ਆਪ ਹੀ ਧਰਤੀ ਦਾ ਸੁਹਾਗ:

ਉਸ ਦਾ ਖੇੜਾ,

ਉਸ ਦਾ ਸ਼ਿੰਗਾਰ, ਉਸ ਦੀ ਸੁੰਦਰਤਾ

ਆਪਣੇ ਕਠੋਰ ਹੱਥਾਂ ਨਾਲ:

ਅੱਗ ਉਗਲਦੇ ਨੇਤਰ ਨਾਲ!

ਫਿਰ ਵੀ,

ਧਰਤੀ ਜਿਊਂਦੀ ਰਹਿੰਦੀ ਏ

ਬਾਹਰੋਂ ਮੌਨ, ਅੰਦਰੋਂ ਵਿਆਕੁਲ!

ਮੈਂ ਸੋਚਦੀ ਹਾਂ ਕਿ-

ਇਸ ਧਰਤੀ ਤੇ ਵਿਚਰਦੇ

ਈਸ਼ਵਰੀ ਸ਼ਕਤੀ ਨਾਲ ਪੂਰਨ!

ਪਰਮ ਚੇਤਨ ਮਨੁੱਖ ਅੰਦਰ ਵੀ

ਵਸਦੀ ਹੈ ਪ੍ਰਕ੍ਰਿਤੀ, ਪ੍ਰਕ੍ਰਿਤੀ ਦੀ ਹਰ ਰੁੱਤ,

ਜੋ ਖੇਡਦੀ ਰਹਿੰਦੀ ਹੈ ਲਗਾਤਾਰ

ਖਹਿੰਦੀ ਰਹਿੰਦੀ ਹੈ ਹਰ ਪਲ,

ਪਰਸਪਰ ਵਿਰੋਧੀ ਰੂਪ ਧਾਰ ਕੇ

ਪ੍ਰਤੀ ਪਲ! ਪ੍ਰਤੀ ਪਲ !!

ਮਨੁੱਖ ਵੀ ਤਾਂ ਪ੍ਰਕ੍ਰਿਤੀ ਦਾ ਹੀ ਇਕ ਰੂਪ ਹੈ,

ਸੂਰਜ ਦੀ ਇਕ ਕਿਰਨ ਹੈ

ਪਾਣੀ ਦਾ ਇਕ ਬੁਲਬੁਲਾ ਹੈ

ਹਵਾ ਦਾ ਇਕ ਵਰੋਲਾ ਹੈ

ਅੱਗ ਦਾ ਇਕ ਸ਼ਰਾਰਾ ਹੈ।

******

# ਪੂਰਕ ਹੋਂਦ

ਜੀਵਨ ਨਾਲ ਸੰਘਰਸ਼ ਦਾ ਰਿਸ਼ਤਾ

ਇਕ ਅਜਿਹਾ ਅਟੁੱਟਵਾ ਰਿਸ਼ਤਾ ਹੈ।

ਜਿਸ ਨੂੰ ਅਸੀਂ

ਇਕ ਦੂਜੇ ਤੋਂ ਵੱਖਰਾ ਨਹੀਂ ਕਰ ਸਕਦੇ।

ਦਰਅਸਲ-

ਜੀਵਨ ਅਤੇ ਸੰਘਰਸ਼ :

ਸੰਘਰਸ਼ ਅਤੇ ਜੀਵਨ

ਇਕੋ ਹੀ ਚੀਜ਼ ਦੇ

ਦੋ ਨਾਂ ਹਨ, ਦੋ ਪਹਿਲੂ ਹਨ, ਦੋ ਰੂਪ ਹਨ

ਜਿਹੜੇ ਇਕ ਦੂਜੇ ਦੇ ਪੂਰਕ ਹਨ।

ਇਹ ਦੋਵੇਂ ਇਕ ਕਾਗ਼ਜ਼ ਦੇ ਦੋ ਪੰਨਿਆਂ ਵਾਂਗ ਹਨ

ਜਿਹਨਾਂ ਦੀ ਹੋਂਦ

ਇਕ ਦੂਜੇ ਤੋਂ ਵੱਖਰੀ ਨਹੀਂ।

********

## ਸਵੈ-ਵਿਰੋਧ

ਮੈਂ ਹਰ ਰੋਜ਼ ਤੌਬਾ ਤਾਂ ਕਰਦੀ ਹਾਂ

ਇਨ੍ਹਾਂ ਲਿਖਾਰੀਆਂ ਤੋਂ

ਪਰ ਫਿਰ ਵੀ

ਹਰ ਰੋਜ਼

ਕੋਈ ਨਾ ਕੋਈ ਪੰਗਤੀ ਗੁਣਗੁਣਾਉਂਦੀ ਰਹਿੰਦੀ ਹਾਂ।

ਡਰ ਲੱਗਦਾ ਹੈ ਕਿ

ਗੁਣਗੁਣਾਉਂਦਿਆਂ-ਗੁਣਗੁਣਾਉਂਦਿਆਂ

ਮੈਂ ਵੀ ਲਿਖਣ ਹੀ ਨਾ ਲੱਗ ਜਾਵਾਂ।

*******

## ਆਪਣੀ-ਆਪਣੀ ਛਾਂ ਵਿਚ ਬੈਠੀ ਜ਼ਿੰਦਗੀ

ਮਨੁੱਖ ਚਾਹੁੰਦਾ ਤਾਂ ਹੈ ਕਿ ਉਹ
ਇਸ ਸ੍ਰਿਸ਼ਟੀ ਦੀ
ਸਾਰੀ ਛਾਂ ਨੂੰ ਹੰਢਾਏ, ਭੋਗੇ,
ਪਰ,
ਮੈਂ ਮਹਿਸੂਸ ਕਰਦੀ ਹਾਂ ਕਿ
ਮਨੁੱਖ ਦੇ ਹਿੱਸੇ ਵਿਚ ਆਉਂਦੀ ਹੈ
ਉਸ ਦੀ ਆਪਣੀ ਹੀ ਛਾਂ!
ਜਿਸ ਨੂੰ ਉਹ ਜਿਵੇਂ ਚਾਹੇ
ਉਵੇਂ ਹੀ ਹੰਢਾਏ!
ਉਸ ਦੀ ਇਹ ਛਾਂ ਹੀ
ਉਸ ਦਾ ਹਾਣ ਹੈ
ਉਸ ਦਾ ਸੱਚ ਹੈ!
ਪਰ ਸੱਚ ਤਾਂ ਇਹ ਹੈ
ਕਿ ਸਾਡੀ ਜ਼ਿੰਦਗੀ
ਆਪਣੀ-ਆਪਣੀ ਛਾਂ ਹੇਠਾਂ
ਹੀ ਬੈਠੀ ਰਹਿੰਦੀ ਹੈ

ਉਮਰ ਭਰ!

ਜੀਵਨ ਭਰ !

ਸੁੱਖ ਵੀ ਉਤਨਾ ਹੀ ਭੋਗਿਆ ਜਾ ਸਕਦੇ

ਜਿਤਨਾ ਉਸ ਦੇ ਹਿੱਸੇ ਆਉਂਦੈ!

***

## ਸੀਮਾ ਦੇ ਸੰਗਲ

ਸਦੀਆਂ ਪੁਰਾਣੇ

ਬ੍ਰਿਛ ਵਾਂਗ, ਅੰਦਰੋ-ਅੰਦਰ ਖੋਖਲੇ

ਇਹ ਮੱਧਰੇ ਜਿਹੇ ਕੱਦਾਂ ਵਾਲੇ ਲੋਕ

ਇਕ ਦੂਜੇ ਦੇ ਮੋਢਿਆਂ ਤੋਂ ਵੀ

ਉੱਚੇ ਹੋਣ ਦੀ ਕੋਸਿਸ਼ ਵਿਚ

ਲਗਾਤਾਰ ਕਾਰਜਸ਼ੀਲ ਹਨ

ਆਪਣਾ-ਆਪਣਾ

ਸੋਸ਼ਲ ਸਟੇਟਸ

ਬਨਾਉਣ ਲਈ !

ਵਧਾਉਣ ਲਈ !!

ਅਤੇ ਅਜੋਕੀ ਨਾਰੀ

ਚੇਤਨਾ ਦੀ ਸੀਮਾ ਅੰਦਰ ਦਾਖ਼ਲ ਹੋ ਕੇ ਵੀ

ਅਚੇਤ ਹੀ ਭੋਗੀ ਜਾ ਰਹੀ ਹੈ

ਇਹ ਮਾਨਸਿਕਤਾ !

ਆਪਣਾ ਕੱਦ-ਕਾਠ ਭੁੱਲ ਕੇ ਵੀ

ਸੀਮਾ ਦੇ ਸੰਗਲ ਪੈਰਾਂ ਵਿਚ ਬੰਨ੍ਹੀ ਫ਼ਿਰਦੀ ਹੈ।

********

## ਸੰਤਾਪ ਹੀ ਸੰਤਾਪ

ਜਦੋਂ ਵੀ ਮੈਂ
ਉਸ ਨੂੰ ਬਿਨਾਂ ਨਾਸ਼ਤਾ ਦਿਤਿਆਂ
ਆਪ ਖਾਣ ਲੱਗ ਪਈ,
ਤਾਂ ਉਸ ਨੇ
ਕੋਲ ਪਿਆ ਪੱਥਰ ਚੁੱਕ ਕੇ ਉਗਰਿਆ
ਤੇ ਕਹਿਣ ਲੱਗਾ
ਮੈਂ ਪੱਥਰ ਨਹੀਂ :
ਜਿਸ ਨੂੰ ਬਿਨਾਂ ਭੋਗ ਲਾਇਆਂ
ਤੂੰ ਖਾ ਸਕਦੀ ਏਂ !
ਆਪਣੀ ਭੁੱਖ ਮਿਟਾ ਸਕਦੀ ਏਂ !!
ਅਤੇ ਮੈਂ
ਇਕ ਆਦਰਸ਼ ਨਾਰੀ ਵਾਂਗ ਹੀ
ਇਸ ਉਗਰੇ ਹੋਏ ਪੱਥਰ ਦੀ ਮਾਰ
ਦੀ ਭਾਵਨਾ ਤੋਂ ਕੰਬ ਕੇ
ਇਕ ਵਾਰੀ ਫਿਰ ਸੰਤਾਪੀ ਗਈ।
ਇਹ ਸੰਤਾਪ ਵੀ ਤਾਂ ਨਾਰੀ ਦੇ ਅੰਗ-ਸੰਗ ਹੈ।
ਜਿਸ ਨੂੰ ਉਹ ਪਲ-ਪਲ ਹੰਢਾਉਂਦੀ ਹੈ।
********

## ਪ੍ਰਸ਼ਨ ਚਿੰਨ੍ਹ

ਆਧੁਨਿਕ ਮੁੱਲਾਂ ਦੇ ਪ੍ਰਸੰਗ ਵਿਚ
ਸੁੱਖ ਕੀ ਹੈ ?
ਇਹ ਇਕ ਗੰਭੀਰ ਪ੍ਰਸ਼ਨ ਹੈ।
ਜਿਸ ਦੇ ਹਰ ਉੱਤਰ ਅੱਗੇ
ਲੱਗ ਜਾਂਦਾ ਹੈ ਇਕ ਹੋਰ ਪ੍ਰਸ਼ਨ ਚਿੰਨ੍ਹ ?
ਵਿਲਾਸਤਾ ਦੇ ਸਾਧਨ ?
ਤਰਲੋਕੀ ਤੇ ਰਾਜ ?
ਸੰਸਾਰ ਵਿਜੈ ?
ਜਾਂ ਫਿਰ
ਆਤਮਕ-ਸ਼ਾਂਤੀ ਲਈ ਸਭ ਕੁਝ ਤਿਆਗ ?
ਬਨਵਾਸ?
ਪਦਾਰਥਕ ਆਨੰਦ ?
ਕੁਝ ਵੀ ਉੱਤਰ ਦਿਉ-
ਹਰ ਉੱਤਰ, ਪ੍ਰਸ਼ਨ ਬਣ ਗੂੰਜਦਾ ਹੈ
ਸਾਡੇ ਮਸਤਕ ਵਿਚ
ਵੀਹਵੀਂ ਸਦੀ ਦਾ ਵਰਦਾਨ ?
ਜਾਂ ਅਭਿਸ਼ਾਪ ?
******

## ਸੀਮਾ ਤੇ ਸਮਰੱਥਾ

ਮੈਂ ਇਕ ਸਮਰੱਥਾ ਵੀ ਹਾਂ

ਅਤੇ ਸੀਮਾ ਵੀ!

ਮੈਂ ਇਸ ਸੀਮਾ ਨੂੰ

ਬਸ ਉਤਨਾ ਹੀ ਤੋੜ ਸਕਦੀ ਹਾਂ

ਜਿਤਨੀ ਮੇਰੇ ਵਿਚ ਸਮਰੱਥਾ ਹੈ!

ਜਾਂ ਜਿਤਨੀ ਮੈਂ ਸਮਰੱਥ ਹਾਂ

ਉਤਨੀ ਹੀ ਤੋੜ ਸਕਦੀ ਹਾਂ

ਮੈਂ ਆਪਣੀ ਸੀਮਾ!

ਸੀਮਾ ਤੇ ਸਮਰੱਥਾ

ਸਾਡੀ ਹੋਣੀ ਹੈ।

ਕਦੇ-ਕਦੇ ਸੀਮਾ

ਤੋੜ ਦੇਂਦੀ ਹੈ ਸਮਰੱਥਾ ਦਾ ਘੇਰਾ

ਅਤੇ ਕਦੇ-ਕਦੇ ਸਮਰੱਥਾ ਦੇ ਸ਼ੂਕਦੇ ਤੀਰ

ਵਿੰਨ੍ਹ ਦੇਂਦੇ ਹਨ

ਸੀਮਾ ਨੂੰ !

ਮਨੁੱਖ ਵਿਚਾਰਾ ਤਾਂ

ਇਕ ਖਿਡੌਣਾ ਹੈ

ਸੀਮਾ ਤੇ ਸਮਰੱਥਾ ਦੇ ਹੱਥਾਂ ਵਿਚ!

ਹਰ ਕਿਸੇ ਦੀ ਆਪੋ ਆਪਣੀ ਸੀਮਾ ਹੈ

ਨਿਸ਼ਚਿਤ ਕਰਦੀ ਹੈ।

ਸੀਮਾ ਤਾਂ ਸਮਰੱਥਾ ਦੀ ਵੱਡੀ ਭੈਣ ਹੈ!

ਜਿਹੜੀ ਔਰਤ ਦੇ ਰੂਪ ਵਿਚ ਪੈਦਾ ਹੋਈ ਹੈ ।

ਇਸ ਧਰਤੀ ਤੇ!

ਧਰਤੀ ਦੇ ਇਕ ਟੋਟੇ ਤੇ !!

*****